A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 269 Website : www.punjabiakhbaar.ca Email: editor@punjabiakhbaar.ca Friday, 6 June 2025

## ਟਰੰਪ ਸਰਕਾਰ ਦਾ ਫੈਸਲਾ - ਪਰਵਾਸੀਆਂ ਨੂੰ ਅਮਰੀਕਾ ਤੋਂ ਕੱਢਣ ਦਾ ਰਾਹ ਪੱਧਰਾ



ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸਟਰਪਤੀ ਡੋਨਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਤੇ ਬੀਤੇ ਦਿਨ ਅਮਰੀਕੀ ਸੁਪਰੀਮ ਕੋਰਟ ਨੇ ਇੱਕ ਵੱਡਾ ਫੈਸਲਾ ਸੁਣਾਇਆ ਹੈ ਜਿਸ ਨਾਲ ਟਰੰਪ ਪ੍ਰਸ਼ਾਸਨ ਨੂੰ ਅਮਰੀਕਾ ਵਿੱਚ ਰਹਿ ਰਹੇ ਲੱਖਾਂ ਪ੍ਰਵਾਸੀਆਂ ਦੀ ਅਸਥਾਈ ਕਾਨੂੰਨੀ ਸਥਿੱਤੀ ਨੂੰ ਖਤਮ ਕਰਨ ਦੀ ਆਗਿਆ ਮਿਲ ਗਈ ਹੈ। ਇਹ ਪ੍ਰਵਾਸੀ ਵੈਨੂਏਲਾ ਕਿਊਬਾ ਹੈਤੀ ਅਤੇ ਨਿਕਾਰਾਗੂਆ ਵਰਗੇ ਦੇਸ਼ਾਂ ਤੋਂ ਹਨ ਇਸ ਫੈਸਲੇ ਨਾਲ ਦੇਸ਼ ਨਿਕਾਲੇ ਦੀ ਪ੍ਰਕਿਰਿਆ ਤੇਜ਼ ਹੋ ਸਕਦੀ ਹੈ ਅਤੇ ਟਰੰਪ ਦੀ ਸਖਤ ਇਮੀਗ੍ਰੇਸ਼ਨ ਮਿਤੀ ਨੂੰ ਮਜਬੂਤੀ ਮਿਲ ਸਕਦੀ ਹੈ। ਇਹ ਫੈਸਲਾ ਸਾਲ 2022 ਅਤੇ 23 ਵਿੱਚ ਸਰਹੱਦ ਪਾਰ ਤੋਂ ਵਧ ਰਹੀ ਘੁਸਪੈਠ ਦੇ ਮੱਦੇ ਨਜ਼ਰ ਪਿਛਲੀ ਬਾਈਡਨ ਸਰਕਾਰ ਵੱਲੋਂ ਇਹਨਾਂ ਦੇਸ਼ਾਂ ਦੇ ਲੋਕਾਂ ਲਈ ਪੈਰੋਲ ਪ੍ਰੋਗਰਾਮ ਸ਼ੁਰੂ ਕਰਨ ਤੋਂ ਬਾਅਦ ਲਿਆ ਗਿਆ ਹੈ। ਇਸ ਦੇ ਤਹਿਤ ਕੁੱਝ ਸ਼ਰਤਾਂ ਪੂਰੀਆਂ ਕਰਕੇ ਦੋ ਸਾਲ ਦੀ ਅਮਰੀਕਾ ਵਿੱਚ ਕੰਮ ਕਰਨ ਅਤੇ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਪ੍ਰੋਗਰਾਮ ਨੇ ਲਗਭਗ ਪੰਜ ਲੱਖ ਲੋਕਾਂ ਨੂੰ ਦੇਸ਼ ਨਿਕਾਲਾ ਤੋਂ ਰਾਹਤ ਪ੍ਰਦਾਨ ਕੀਤੀ ਸੀ। ਪਹਿਲਾਂ ਇੱਕ ਸੰਘੀ ਅਦਾਲਤ ਨੇ ਇਸ ਫੈਸਲੇ ਤੇ ਰੋਕ ਲਗਾ ਦਿੱਤੀ ਸੀ ਪਰ ਹੁਣ ਸੁਪਰੀਮ ਕੋਰਟ ਨੇ ਉਸ ਰੋਕ ਨੂੰ ਹਟਾ ਦਿੱਤਾ ਹੈ। ਡੋਨਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿੱਚ ਇਸ ਪ੍ਰੋਗਰਾਮ ਨੂੰ ਖਤਮ ਕਰਨ ਦਾ ਹੁਕਮ ਦੇ ਦਿੱਤਾ ਹੈ ਉਹਨਾਂ ਨੇ ਹੋਮਲੈਂਡ ਸਿਕਿਉਰਟੀ ਸੈਕਰਟਰੀ ਕ੍ਰਿਸਟੀ ਟੌਮ ਨੂੰ ਯੋਜਨਾ ਨੂੰ ਖਤਮ ਕਰਨ ਦਾ ਹੁਕਮ ਦਿੱਤਾ। ਇਸ ਫੈਸਲੇ ਨੂੰ ਪਹਿਲਾਂ ਇੱਕ ਅਦਾਲਤ ਨੇ ਰੋਕ ਦਿੱਤਾ ਸੀ ਜਿੱਥੇ 23 ਲੋਕਾਂ ਦੇ ਇੱਕ ਸਮੂਹ ਨੇ ਇਸ ਦਾ ਵਿਰੋਧ ਕੀਤਾ ਸੀ ਪਰ ਹੁਣ ਸੁਪਰੀਮ ਕੋਰਟ ਨੇ ਹੇਠਲੀ ਅਦਾਲਤ ਦੇ ਹੁਕਮ ਨੂੰ ਪਲਟ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਟਰੰਪ ਸਰਕਾਰ ਦਾ ਫੈਸਲਾ ਹੁਣ ਲਾਗੂ ਕੀਤਾ ਜਾ ਸਕਦਾ ਹੈ ਅਤੇ ਹਜ਼ਾਰਾਂ ਪਰਵਾਸੀਆਂ ਨੂੰ ਅਮਰੀਕਾ ਤੋਂ ਕੱਢਣ ਦਾ ਰਾਹ ਪੱਧਰਾ ਹੋ ਗਿਆ ਹੈ।

## ਕਨੇਡਾ ਨੂੰ ਟੈਰਿਫਾਂ ਤੋਂ 617 ਮਿਲੀਅਨ ਵਾਧੂ ਆਮਦਨ ਹੋਈ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਦੇ ਉਤਪਾਦਾਂ ਉੱਪਰ ਲਗਾਏ ਗਏ ਟੈਰੀਫ਼ਾਂ ਦੇ ਬਰਾਬਰ ਕੈਨੇਡਾ ਵੱਲੋਂ ਲਗਾਏ ਗਏ ਟੈਰੀਫ਼ਾਂ ਕਾਰਨ ਕੈਨੇਡਾ ਨੂੰ ਪਿਛਲੇ ਸਾਲ ਦੇ ਮਾਰਚ ਮਹੀਨੇ ਦੇ ਮੁਕਾਬਲੇ ਇਸ ਸਾਲ ਮਾਰਚ ਮਹੀਨੇ ਵਿੱਚ 617 ਮਿਲੀਅਨ ਡਾਲਰ ਦੀ ਵਾਧੂ ਆਮਦਨ ਹੋਈ ਹੈ। ਫੈਡਰਲ ਸਰਕਾਰ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਵਿੱਤੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਮਾਰਚ ਮਹੀਨੇ ਵਿੱਚ ਕੈਨੇਡਾ ਨੂੰ ਕਸਟਮ ਇੰਪੋਰਟ ਡਿਊਟੀ ਤੋਂ ਇੱਕ ਬਿਲੀਅਨ ਡਾਲਰ ਦੀ ਆਮਦਨ ਹੋਈ ਹੈ ਜੋ ਕਿ ਪਿਛਲੇ ਸਾਲ ਦੇ ਇਸੇ ਸਮੇਂ ਦੌਰਾਨ ਹੋਈ ਆਮਦਨ ਨਾਲੋਂ ਦੁਗਣੀ ਹੈ। ਦੱਸਣ ਯੋਗ ਹੈ ਕਿ ਮਾਰਚ ਮਹੀਨੇ ਵਿੱਚ ਕੈਨੇਡਾ ਸਰਕਾਰ ਵੱਲੋਂ ਅਮਰੀਕਾ ਦੇ ਸਮਾਨ ਉੱਪਰ ਬਰਾਬਰ ਦੇ ਕਈ ਬਿਲੀਅਨ ਡਾਲਰ ਦੇ ਟੈਰਿਫ ਲਗਾ ਦਿੱਤੇ ਗਏ ਸਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬੀਤੇ ਦਿਨੀ ਹੋਈਆਂ ਫੈਡਰਲ ਚੋਣਾਂ ਵਿੱਚ ਲਿਬਰਲ ਪਾਰਟੀ ਵੱਲੋਂ ਦੱਸਿਆ ਗਿਆ ਸੀ ਕਿ 12 ਮਹੀਨਿਆਂ ਦੇ ਦੌਰਾਨ ਅਮਰੀਕਾ ਉੱਪਰ ਲਗਾਏ ਗਏ ਬਰਾਬਰ ਦੇ ਟੈਰਿਫਾਂ ਤੋਂ 20 ਬਿਲੀਅਨ ਡਾਲਰ ਦੀ ਵਾਧੂ ਆਮਦਨ ਹੋਵੇਗੀ। ਵਿੱਤ ਮੰਤਰੀ ਫਰਾਂਸਵਾ ਫਿਲਪ ਸ਼ੈਂਪੇਨ ਨੇ ਬੀਤੇ ਦਿਨੀ ਇੱਕ ਇੰਟਰਵਿਊ ਦੇ ਦੌਰਾਨ ਇਹ ਆਖਿਆ ਸੀ ਕਿ ਜੋ 20 ਬਿਲੀਅਨ ਡਾਲਰ ਦੀ ਆਮਦਨ ਦਾ ਅਨੁਮਾਨ ਲਗਾਇਆ ਗਿਆ ਸੀ ਇਸ ਵਿੱਚ ਕੁੱਝ ਬਦਲਾਅ ਹੁੰਦੇ ਰਹਿ ਸਕਦੇ ਹਨ

## ਭਾਰਤੀ ਰੱਖਿਆ ਮੰਤਰਾਲੇ ਵੱਲੋਂ ਮੀਡੀਆ ਐਡਵਾਈਜ਼ਰੀ ਜਾਰੀ

### ਬਿਨਾਂ ਇਜ਼ਾਜਤ ਫੌਜੀ ਅਧਿਕਾਰੀਆਂ ਦੇ ਪਰਿਵਾਰਾਂ ਨੂੰ ਸੰਪਰਕ ਨਾ ਕਰੋ




ਨਵੀਂ ਦਿੱਲੀ(ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਰੱਖਿਆ ਮੰਤਰਾਲੇ ਨੇ ਮੀਡੀਆ ਨੂੰ ਇੱਕ ਸਲਾਹ ਜਾਰੀ ਕੀਤੀ ਹੈ ਕਿ ਉਹ ਸੇਵਾ ਕਰ ਰਹੇ ਜਾਂ ਸੇਵਾਮੁਕਤ ਫੌਜੀ ਅਧਿਕਾਰੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਨਾਲ ਸਰਕਾਰ ਦੀ ਇਜਾਜਤ ਤੋਂ ਬਿਨਾਂ ਸੰਪਰਕ ਨਾ ਕਰਨ ਅਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਦਾ ਪ੍ਰਸਾਰ ਕਰਨ ਤੋਂ ਬਚਣ। ਰੱਖਿਆ ਮੰਤਰਾਲੇ ਨੇ ਸੀਨੀਅਰ ਹਥਿਆਰਬੰਦ ਸੈਨਾ ਅਧਿਕਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਨਿੱਜਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਮੀਡੀਆ ਨੂੰ ਇੱਕ ਸਲਾਹ ਜਾਰੀ ਕੀਤੀ ਹੈ ਕਿ ਉਹ ਕਹਾਣੀਆਂ ਜਾਂ ਇੰਟਰਵਿਊ ਲਈ ਸੇਵਾ ਕਰ ਰਹੇ ਜਾਂ ਸੇਵਾਮੁਕਤ ਫੌਜੀ ਕਰਮਚਾਰੀਆਂ ਦੇ ਘਰਾਂ ਜਾਂ ਪਰਿਵਾਰਾਂ ਵਿੱਚ ਜਾਣ ਤੋਂ ਉਦੋਂ ਤੱਕ ਪ੍ਰਹੇਜ ਕਰਨ ਜਦੋਂ ਤੱਕ ਤੁਹਾਨੂੰ ਸਪੱਸ਼ਟ ਤੌਰ ਤੇ ਸੱਦਾ ਨਹੀਂ ਮਿਲਦਾ। ਸਲਾਹ ਵਿੱਚ ਆਖਿਆ ਗਿਆ ਹੈ ਕਿ ਫੌਜੀ ਅਧਿਕਾਰੀਆਂ ਦੇ ਘਰ ਦੇ ਪਤੇ, ਪਰਿਵਾਰਕ ਫੋਟੋਆਂ ਜਾਂ ਅਜਿਹੀ ਕੋਈ ਵੀ ਜਾਣਕਾਰੀ ਜੋ ਲੋਕਾਂ ਲਈ ਜ਼ਰੂਰੀ ਨਹੀਂ ਹੈ, ਪ੍ਰਕਾਸ਼ਿਤ ਜਾਂ ਪ੍ਰਸਾਰਿਤ ਨਹੀਂ ਕੀਤੀ ਜਾਣੀ ਚਾਹੀਦੀ। ਸੈਨਿਕਾਂ ਦੇ ਪਰਿਵਾਰਾਂ ਦੀ ਨਿੱਜਤਾ ਦਾ ਸਤਿਕਾਰ ਬਹਾਲ ਰਹਿਣਾ ਚਾਹੀਦਾ ਹੈ। ਸੀਨੀਅਰ ਫੌਜੀ ਅਧਿਕਾਰੀਆਂ ਨੇ ਹਾਲ ਹੀ ਵਿੱਚ ਹੋਏ ਆਪ੍ਰੇਸ਼ਨ ਸਿੰਦੂਰ ਵਰਗੇ ਆਪ੍ਰੇਸ਼ਨਾਂ ਵਿੱਚ ਭੂਮਿਕਾ ਨਿਭਾਈ ਹੈ।

ਪਰ ਹੁਣ ਇਹ ਦੇਖਿਆ ਗਿਆ ਹੈ ਕਿ ਮੀਡੀਆ ਦਾ ਧਿਆਨ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਅਤੇ ਪਰਿਵਾਰਾਂ ਵੱਲ ਵੀ ਵੱਧ ਰਿਹਾ ਹੈ। ਕੁੱਝ ਮੀਡੀਆ ਕਰਮੀਆਂ ਨੇ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਜਾਂ ਉਨ੍ਹਾਂ ਦੇ ਪਰਿਵਾਰਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਉਨ੍ਹਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਕਰਨਾ ਪੂਰੀ ਤਰ੍ਹਾਂ ਅਣਉਚਿਤ ਹੈ ਅਤੇ ਅਧਿਕਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਇੱਜ਼ਤ, ਨਿੱਜਤਾ ਅਤੇ ਸੁਰੱਖਿਆ ਨੂੰ ਖ਼ਤਰਾ ਹੋ ਸਕਦਾ ਹੈ। ਭਾਵੇਂ ਅਧਿਕਾਰੀ ਜਨਤਕ ਭੂਮਿਕਾਵਾਂ ਵਿੱਚ ਹਨ, ਉਨ੍ਹਾਂ ਦੇ ਪਰਿਵਾਰ ਨਿੱਜੀ ਹਨ ਅਤੇ ਉਨ੍ਹਾਂ ਨੂੰ ਸਤਿਕਾਰ ਅਤੇ ਸੰਵੇਦਨਸ਼ੀਲਤਾ ਦੀ ਲੋੜ ਹੁੰਦੀ ਹੈ। ਇਸ ਲਈ, ਸਾਰੇ ਮੀਡੀਆ ਸੰਗਠਨਾਂ ਨੂੰ ਹੇਠ ਲਿਖਿਆਂ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਗਈ ਹੈ।

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SAHIL MITTU
Director
Affinity CABINETS
• Closets • Wet Bars • Book Shelving • Cabinetry
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

COPPERSTONE AT COPPERFIELD

# THE KENDAL




## MODERN SINGLE-FAMILY HOME WITH SPICE KITCHEN & LEGAL BASEMENT SUITE OPTIONS

Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**



Den



Great room



Walk-in spice kitchen



Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000



ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 269 Website : www.punjabiakhbaar.ca Email: editor@punjabiakhbaar.ca Friday, 6 June 2025

# ਕਨੇਡਾ-ਭਾਰਤ ਦੇ ਆਪਸੀ ਸਬੰਧ ਸੁਧਰਨ ਲੱਗੇ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਮਾਰਕ ਕਾਰਨੀ ਦੇ ਕੈਨੇਡਾ ਦਾ ਪ੍ਰਧਾਨ ਮੰਤਰੀ ਬਣਦੇ ਹੀ ਭਾਰਤ ਅਤੇ ਕੈਨੇਡਾ ਵਿੱਚ ਰਿਸ਼ਤੇ ਸੁਧਰਨ ਦੀ ਆਸ ਬੱਝੀ ਹੈ। ਵਿਦੇਸ਼ ਮੰਤਰੀ ਅਨੀਤਾ ਅਨੰਦ, ਨੇ ਭਾਰਤ-ਕੈਨੇਡਾ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ ਵਟਾਂਦਰੇ ਲਈ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫ਼ਾਰਮ 'ਐਕਸ' ਪੋਸਟ ਸਾਂਝੀ ਕਰਦਿਆਂ ਕਿਹਾ, "ਕਿ ਉਹ ਇਕੱਠੇ ਕੰਮ ਕਰਨਾ ਜਾਰੀ ਰੱਖਣ ਲਈ ਉਤਸੁਕ ਹਨ।" ਉਨ੍ਹਾਂ ਪੋਸਟ ਵਿੱਚ ਕੈਨੇਡਾ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ, ਆਰਥਿਕ ਸਹਿਯੋਗ ਨੂੰ ਡੂੰਘਾ ਕਰਨ ਅਤੇ ਸਾਂਝੀਆਂ ਤਰਜੀਹਾਂ ਨੂੰ ਅੱਗੇ ਵਧਾਉਣ ਬਾਰੇ ਵਿਸ਼ੇਸ਼ ਚਰਚਾ ਲਈ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦਾ ਧੰਨਵਾਦ ਕੀਤਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਨਾਲ ਭਾਰਤ ਦੇ ਸਬੰਧ ਉਦੋਂ ਤਣਾਅਪੂਰਨ ਹੋ ਗਏ ਸਨ ਜਦੋਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਾਅਵਾ ਕੀਤਾ ਸੀ ਕਿ ਐੱਨਆਈਏ ਵੱਲੋਂ ਨਾਮਜ਼ਦ ਅਤਿਵਾਦੀ ਹਰਦੀਪ ਨਿੱਝਰ ਦੀ ਹੱਤਿਆ ਵਿੱਚ ਭਾਰਤ ਸਰਕਾਰ ਦਾ ਹੱਥ ਹੈ। ਭਾਰਤ ਸਰਕਾਰ ਵੱਲੋਂ ਇਸ ਦੋਸ਼ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ 14 ਮਈ ਨੂੰ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅਨੰਦ ਨੂੰ ਕੈਨੇਡਾ ਦਾ ਵਿਦੇਸ਼ ਮੰਤਰੀ ਨਿਯੁਕਤ ਕੀਤੇ ਜਾਣ 'ਤੇ ਵਧਾਈ ਦਿੱਤੀ ਸੀ।



# ਪਾਸਪੋਰਟ ਦਫਤਰ ਦੇ ਕਾਮੇ ਘਟਣ ਲੱਗੇ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਇਸ ਸਾਲ ਕੈਨੇਡਾ ਵਾਸੀਆਂ ਵੱਲੋਂ ਪਾਸਪੋਰਟ ਅਪਲਾਈ ਕਰਨ ਦੇ ਰੁਝਾਨ ਵਿੱਚ ਵੱਡੀ ਕਮੀ ਦਰਜ ਕੀਤੀ ਗਈ ਹੈ ਜਿਸ ਦੇ ਚਲਦਿਆਂ ਸਰਵਿਸ ਕੈਨੇਡਾ ਵੱਲੋਂ ਦੇਸ਼ ਭਰ ਵਿੱਚ 800 ਨੌਕਰੀਆਂ ਖਤਮ ਕੀਤੀਆਂ ਜਾਣਗੀਆਂ। ਇਮੀਗਰੇਸ਼ਨ ਰਿਫਿਊਜੀ ਐਂਡ ਸਿਟੀਜਨਸ਼ਿਪ ਕੈਨੇਡਾ ਯਾਨੀ ਆਈਆਰਸੀਸੀ ਵੱਲੋਂ ਦੱਸਿਆ ਗਿਆ ਹੈ ਕਿ ਸਾਲ 2024- 25 ਦੇ ਪੰਜ ਮਿਲੀਅਨ ਪਾਸਪੋਰਟਾਂ ਦੇ ਮੁਕਾਬਲੇ ਸਾਲ 2025 -26 ਵਿੱਚ ਇਹ ਘੱਟ ਕੇ ਸਾਢੇ ਚਾਰ ਮਿਲੀਅਨ ਰਹਿਣ ਦੀ ਉਮੀਦ ਹੈ। ਇਮਪਲੋਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਯਾਨੀ ਈਐਸਡੀਸੀ ਨੇ ਆਖਿਆ ਹੈ ਕਿ ਪਾਸਪੋਰਟ ਬਣਾਉਣ ਦੀ ਗਿਣਤੀ ਵਿੱਚ ਆਈ ਕਮੀ ਦੇ ਚਲਦਿਆਂ ਸਰਵਿਸ ਕੈਨੇਡਾ ਵੱਲੋਂ ਜੂਨ ਵਿੱਚ ਨੌਕਰੀਆਂ ਵਿੱਚ ਕਟੌਤੀ ਕੀਤੀ ਜਾਵੇਗੀ, ਕਿਉਂਕਿ ਸਰਵਿਸ ਕੈਨੇਡਾ ਵੱਲੋਂ ਲਗਾਤਾਰ ਇਹ ਨਿਰਧਾਰਿਤ ਕੀਤਾ ਜਾਂਦਾ ਹੈ ਕਿ ਕੰਮ ਦੇ ਹਿਸਾਬ ਨਾਲ ਵਰਕ ਫੋਰਸ ਦੀ ਸਥਿਤੀ ਰੱਖੀ ਜਾਵੇਗੀ ਤਾਂ ਕਿ ਰੈਵੇਨਿਊ ਅਤੇ ਖਰਚਿਆਂ ਵਿੱਚ ਬੈਲੰਸ ਬਣਿਆ ਰਹੇ। ਜਦੋਂ ਇਹ ਪੁੱਛਿਆ ਗਿਆ ਕਿ ਨੌਕਰੀਆਂ ਵਿੱਚ ਕਟੌਤੀ ਨਾਲ ਪਾਸਪੋਰਟ ਬਣਾਉਣ ਦੇ ਸਮੇਂ ਵਿੱਚ ਦੇਰੀ ਤਾਂ ਨਹੀਂ ਹੋਵੇਗੀ ਤਾਂ ਇਸਦਾ ਜਵਾਬ ਸੀ ਕਿ 99 ਫੀਸਦੀ ਮਾਮਲਿਆਂ ਵਿੱਚ ਪਾਸਪੋਰਟ ਨਿਰਧਾਰਤ ਸਮੇਂ ਵਿੱਚ ਦੇ ਦਿੱਤੇ ਜਾਂਦੇ ਹਨ। ਕੈਨੇਡਾ ਵਾਸੀਆਂ ਦੀ ਪਾਸਪੋਰਟ ਬਣਾਉਣ ਲਈ ਦਿਲਚਸਪੀ ਘਟਣ ਦਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਕੈਨੇਡਾ ਵਾਸੀ ਹੁਣ ਜਿਆਦਾਤਰ ਦੇਸ਼ ਵਿੱਚ ਹੀ ਘੁੰਮਣਾ ਫਿਰਨਾ ਚਾਹ ਰਹੇ ਹਨ। ਇੱਕ ਗਲੋਬਲ ਟਰੈਵਲ ਡਾਟਾ ਕੰਪਨੀ ਅਨੁਸਾਰ ਕੈਨੇਡਾ ਵਾਸੀ ਜੋ ਗਰਮੀਆਂ ਵਿੱਚ ਅਮਰੀਕਾ ਜਾਣਾ ਪਸੰਦ ਕਰਦੇ ਸਨ ਉਹਨਾਂ ਦੀ ਗਿਣਤੀ 70 ਫੀਸਦੀ ਘਟ ਗਈ ਹੈ।



## ਉੱਚੇ ਨੀਵੇ ਫਰਸ਼ ਲਾ ਦਿੱਤੇ- ਹੋ ਸਕਦੈ ਹੁਣ 100 ਮਿਲੀਅਨ ਡਾਲਰ ਦੇਣਾ ਪਵੇ

ਟੋਰਾਂਟੋ(ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੇ ਹੰਬਰ ਰਿਵਰ ਹੈਲਥ ਵੱਲੋਂ ਹਸਪਤਾਲ ਦੀ ਉਸਾਰੀ ਵਿੱਚ ਹੋਈਆਂ ਤਕਨੀਕੀ ਗੜਬੜੀਆਂ ਦੇ ਚੱਲਦਿਆਂ ਬਿਲਡਰ ਖਿਲਾਫ 100 ਮਿਲੀਅਨ ਡਾਲਰ ਦਾ ਮਾਮਲਾ ਦਾਇਰ ਕੀਤਾ ਗਿਆ ਹੈ। ਇਹ ਮਾਮਲਾ ਅਪ੍ਰੈਲ ਦੇ ਵਿੱਚ ਦਾਇਰ ਕੀਤਾ ਗਿਆ ਸੀ ਜਿਸ ਵਿੱਚ ਇਹ ਦੋਸ਼ ਲਗਾਇਆ ਗਿਆ ਸੀ ਕਿ ਹਸਪਤਾਲ ਦੇ ਕਈ ਫਲੋਰ ਜਾਂ ਫਰਸ਼ ਸਮਤਲ ਜਾਂ ਪੱਧਰੇ ਨਹੀਂ ਹਨ ਜਿਸ ਕਾਰਨ ਇਹ ਮਰੀਜ਼ਾਂ ਅਤੇ ਸਟਾਫ ਦੀ ਸੁਰੱਖਿਆ ਲਈ ਖਤਰਾ ਪੈਦਾ ਹੋ ਰਿਹਾ ਹੈ। ਹੰਬਰ ਰਿਵਰ ਹੈਲਥ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਫਰਸ਼ਾਂ ਦਾ ਪੱਧਰਾ ਨਾ ਹੋਣਾ ਹਸਪਤਾਲ ਦੇ ਕੰਮਕਾਰ ਅਤੇ ਸੁਰੱਖਿਆ ਵਿੱਚ ਅੜਚਣਾ ਪੈਦਾ ਕਰ ਰਿਹਾ ਹੈ। ਓਨਟਾਰੀਓ ਸੁਪਰੀਮ ਕੋਰਟ ਵਿੱਚ ਦਾਇਰ ਕੀਤੇ ਗਏ ਦਾਅਵੇ ਵਿੱਚ ਆਖਿਆ ਗਿਆ ਹੈ ਕਿ ਫਰਸ਼ ਪੱਧਰੇ ਨਾ ਹੋਣ ਕਾਰਨ ਸਟਾਫ ਨੂੰ ਸਮਾਨ ਸਪਲਾਈਜ ਫੂਡ ਅਤੇ ਮਰੀਜ਼ਾਂ ਨੂੰ ਇੱਕ ਤੋਂ ਦੂਜੀ ਜਗ੍ਹਾ ਲਿਜਾਣ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਟਾਇਰਾਂ ਦੇ ਉੱਪਰ ਚੱਲਣ ਵਾਲੀਆਂ ਕਾਰਟਸ(ਰੇੜੀਆਂ) ਨੂੰ ਰਬੜ ਦੇ ਸਟੋਪਰ ਲਗਾ ਕੇ ਖੜੇ ਕਰਨਾ ਪੈਂਦਾ ਹੈ ਤਾਂ ਕਿ ਉਹ ਆਪਣੀ ਥਾਂ ਤੋਂ ਖਿਸਕ ਕੇ ਦੂਜੇ ਪਾਸੇ ਨਾ ਚਲੀਆਂ ਜਾਣ।

## ਪ੍ਰਧਾਨ ਮੰਤਰੀ ਨੇ ਕੀਤੀ, ਸਾਰੇ ਸਹਿਰਾਂ ਦੇ ਮੇਅਰਾਂ ਨਾਲ ਗੱਲਬਾਤ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਅਫੋਰਡੇਬਿਲਿਟੀ ਅਤੇ ਹਾਊਸਿੰਗ ਦੇ ਮੁੱਦਿਆਂ ਤੇ ਕੈਨੇਡਾ ਦੀ ਰਾਜਧਾਨੀ ਓਟਵਾ ਵਿੱਚ ਪੂਰੇ ਕੈਨੇਡਾ ਭਰ ਤੋਂ ਮਿਊਨਸੀਪੈਲਟੀਆਂ ਦੇ ਮੇਅਰ ਅਤੇ ਲੋਕਲ ਲੀਡਰ ਇਕੱਤਰ ਹੋਏ ਜਿਸ ਦੌਰਾਨ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਖਿਆ ਹੈ ਕਿ ਉਹਨਾਂ ਦਾ ਟੀਚਾ ਕੈਨੇਡਾ ਵਿੱਚ ਬਣਨ ਵਾਲੇ ਘਰਾਂ ਨੂੰ ਪੂਰੇ ਤੌਰ ਤੇ ਕੈਨੇਡਾ ਵਿੱਚ ਹੀ ਤਿਆਰ ਕਰਨਾ ਹੈ। ਜਿਸ ਵਿੱਚ ਟੈਕਨੋਲੋਜੀ ਵੀ ਕੈਨੇਡਾ ਦੀ ਹੋਵੇਗੀ ਵਰਕਰ ਵੀ ਕੈਨੇਡਾ ਦੇ ਹੋਣਗੇ ਤੇ ਲੰਬਰ ਵੀ ਕੈਨੇਡਾ ਦੀ ਹੋਵੇਗੀ। ਜਿਸ ਨਾਲ ਘਰਾਂ ਦੀਆਂ ਕੀਮਤਾਂ ਥੱਲੇ ਆਉਣਗੀਆਂ। ਉਹਨਾਂ ਦੇ ਇਸ ਐਲਾਨ ਜਾਂ ਬਿਆਨ ਦਾ ਸਵਾਗਤ ਮੌਕੇ ਤੇ ਮੌਜੂਦ ਸਾਰੇ ਲੀਡਰਾਂ ਵੱਲੋਂ ਤਾੜੀਆਂ ਮਾਰ ਕੇ ਕੀਤਾ ਗਿਆ।

## ਗੁੰਮ ਹੋਈ ਭਾਰਤੀ ਔਰਤ ਦੇ ਅਵਸ਼ੇਸ਼ ਮਿਲੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਦਸੰਬਰ ਤੋਂ ਲਾਪਤਾ ਹੋਈ ਇੱਕ 40 ਸਾਲਾ ਭਾਰਤੀ ਮੂਲ ਦੀ ਔਰਤ ਕੁੱਝ ਮਨੁੱਖੀ ਅਵਸ਼ੇਸ਼ (Parital human remians) ਉਨਟਾਰੀ- ਦੇ ਹੈਮਿਲਟਨ ਖ਼ੇਤਰ 'ਚੋਂ ਮਿਲੇ ਹਨ। ਹਿਲ੍ਟਨ ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਾਲਿਨੀ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ 10 ਦਸੰਬਰ, 2024 ਨੂੰ ਉਸ ਦੀ ਗੁਮਸ਼ੁਦਗੀ ਬਾਰੇ ਰਿਪੋਰਟ ਦਰਜ ਕੀਤੀ ਸੀ। ਉਸ ਦੇ ਲਾਪਤਾ ਹੋਣ ਬਾਰੇ ਦਿੱਤੀ ਗਈ ਜਾਣਕਾਰੀ ਅਨੁਸਾਰ ਸ਼ਾਲਿਨੀ ਸਿੰਘ, ਜੋ ਮਾਨਸਿਕ ਸਿਹਤ ਸੰਭਾਲ ਕਰਮਚਾਰੀ ਹੈ, ਨੇ ਆਖਰੀ ਵਾਰ 4 ਦਸੰਬਰ, 2024 ਨੂੰ ਆਪਣੇ ਪਰਿਵਾਰ ਨਾਲ ਗੱਲ ਕੀਤੀ ਸੀ। ਉਸ ਨੂੰ ਆਖਰੀ ਵਾਰ 2 ਦਸੰਬਰ, 2024 ਨੂੰ ਆਪਣੇ ਅਪਾਰਟਮੈਂਟ ਵਿੱਚ ਦਾਖਲ ਹੁੰਦੇ ਦੇਖਿਆ ਗਿਆ ਸੀ। ਹੋਮੀਸਾਈਡ ਡਿਟੈਕਟਿਵ 24 ਫਰਵਰੀ ਤੋਂ ਹਲਦੀਬਰੂਕ ਰੋਡ 'ਤੇ ਗਲੈਨਬਰੂਕ ਲੈਂਡਫਿਲ 'ਤੇ ਸਿੰਘ ਦੀ ਤਲਾਸ਼ ਕਰ ਰਹੇ ਸਨ। ਇਹ ਤਲਾਸ਼ ਸ਼ੁਰੂ ਵਿੱਚ 18 ਅਪਰੈਲ ਨੂੰ ਖਤਮ ਹੋਣੀ ਸੀ, ਪਰ ਇਸ ਨੂੰ ਦੋ ਹਫ਼ਤਿਆਂ ਲਈ ਵਧਾ ਦਿੱਤਾ ਗਿਆ ਸੀ। ਹੈਮਿਲਟਨ ਪੁਲੀਸ ਨੇ ਕਿਹਾ, 'ਸ਼ਾਲਿਨੀ ਸਿੰਘ ਦੇ ਪਰਿਵਾਰ ਨੂੰ ਇਸ ਬਾਰੇ ਜਾਣੂ ਕਰਵਾ ਦਿੱਤਾ ਗਿਆ ਹੈ।''

## ਮਨੁੱਖੀ ਤਸਕਰ ਪਟੇਲ ਨੂੰ ਹੋਈ 12 ਸਾਲ ਕੈਦ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਾਲ 2021 ਦੇ ਵਿੱਚ ਮੈਨੀਟੋਬਾ ਤੋਂ ਅਮਰੀਕਾ ਚ ਦਾਖਲ ਹੋਣ ਦੀ ਕੋਸ਼ਿਸ਼ ਦੇ ਦੌਰਾਨ ਵਿਨੀ ਪੈਗ ਦੇ ਕੋਲ ਇੱਕ ਭਾਰਤੀ ਪਰਿਵਾਰ ਜਿਸ ਨੂੰ ਪਟੇਲ ਪਰਿਵਾਰ ਦੇ ਤੌਰ ਤੇ ਜਾਣਿਆ ਜਾਂਦਾ ਹੈ, ਦੀ ਅੱਤ ਦੀ ਠੰਡ ਕਾਰਨ ਸਰਹੱਦ ਤੋਂ ਪਹਿਲਾਂ ਹੀ ਮੌਤ ਹੋ ਗਈ ਸੀ, ਹੁਣ ਇਸ ਮਾਮਲੇ ਵਿੱਚ ਮਨੁੱਖੀ ਤਸਕਰੀ ਲਈ ਗ੍ਰਿਫਤਾਰ ਕੀਤੇ ਗਏ ਦੋ ਦੋਸ਼ੀਆਂ ਚੋਂ ਇੱਕ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਵਰਨਣ ਯੋਗ ਹੈ ਕਿ ਇਸ ਮਾਮਲੇ ਵਿੱਚ ਅਮਰੀਕਾ ਦੇ ਫਲੋਰੀਡਾ ਦੇ ਨਾਗਰਿਕ ਸਟੀਵਨ ਸ਼ੈਂਡ ਅਤੇ ਭਾਰਤੀ ਨਾਗਰਿਕ ਹਰਸ਼ ਕੁਮਾਰ ਪਟੇਲ ਨੂੰ ਸ਼ਿਕਾਗੋ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਹਨਾਂ ਦੋਹਾਂ ਵਿੱਚੋਂ ਹਰਸ਼ ਕੁਮਾਰ ਪਟੇਲ ਨੂੰ 121 ਮਹੀਨੇ ਦੀ ਸਜ਼ਾ ਮੀਨੇਸੋਟਾ ਦੀ ਅਦਾਲਤ ਵੱਲੋਂ ਸੁਣਾਈ ਗਈ ਹੈ। ਤੁਹਾਨੂੰ ਯਾਦ ਹੋਵੇਗਾ ਕਿ 19 ਜਨਵਰੀ 2022 ਨੂੰ ਜਗਦੀਸ਼ ਪਟੇਲ ਉਸ ਦੀ ਪਤਨੀ ਵੈਸ਼ਾਲੀ ਉਹਨਾਂ ਦੀ 11 ਸਾਲ ਦੀ ਧੀ ਵੇਹਾਂਗੀ ਅਤੇ ਉਹਨਾਂ ਦੇ ਤਿੰਨ ਸਾਲ ਦੇ ਬੇਟੇ ਧਾਰਮਿਕ ਦੀਆਂ ਲਾਸ਼ਾਂ ਮੈਨੀਟੋਬਾ ਸੂਬੇ ਵਿੱਚ ਅਮਰੀਕਾ ਦੀ ਸਰਹੱਦ ਤੋਂ 12 ਮੀਟਰ ਦੀ ਦੂਰੀ ਤੇ ਕੈਨੇਡਾ ਵਾਲੇ ਪਾਸੇ ਮਿਲੀਆਂ ਸਨ ਅਤੇ ਉਸ ਦਿਨ ਵਿੰਡਚਿਲ ਦੇ ਨਾਲ ਤਾਪਮਾਨ ਮਾਈਨਸ 38 ਡਿਗਰੀ ਦੇ ਕਰੀਬ ਸੀ। ਹਰਸ਼ ਕੁਮਾਰ ਪਟੇਲ ਜੋ ਕਿ ਇਸ ਪਰਿਵਾਰ ਨਾਲ ਸੰਬੰਧਿਤ ਨਹੀਂ ਹੈ ਨੂੰ ਫਰਵਰੀ 2024 ਵਿੱਚ ਸ਼ਿਕਾਗੋ ਤੋਂ ਉਸਦੇ ਮਨੁੱਖੀ ਤਸਕਰੀ ਵਿੱਚ ਸਾਥੀ ਸ਼ੈਂਡ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਸੀ।

## ਅਸੀਂ ਆਪਣੀ ਪ੍ਰਭੂ ਸੱਤਾ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਾਂਗੇ-ਰੱਖਿਆ ਮੰਤਰੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਰੱਖਿਆ ਮੰਤਰੀ ਡੇਵਿਡ ਮੈਕਗਿਨਟੀ ਨੇ ਆਖਿਆ ਹੈ ਕਿ ਕੈਨੇਡਾ ਆਪਣੇ ਰੱਖਿਆ ਖਰਚਿਆਂ ਨੂੰ ਕੰਟਰੋਲ ਕਰੇਗਾ ਰੱਖਿਆ ਮੰਤਰੀ ਦਾ ਬਿਆਨ ਉਸ ਵਕਤ ਆਇਆ ਹੈ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਵਾਰ ਫਿਰ ਤੋਂ ਕੈਨੇਡਾ ਦੀ ਰੱਖਿਆ ਦੇ ਬਦਲੇ ਕੈਨੇਡਾ ਨੂੰ ਅਮਰੀਕਾ ਦਾ 51 ਸੂਬਾ ਬਣ ਜਾਣ ਲਈ ਆਖਿਆ ਹੈ। ਦੱਸ ਦੇਈਏ ਕਿ ਬੀਤੇ ਦਿਨ ਟਰੰਪ ਨੇ ਸੋਸ਼ਲ ਮੀਡੀਆ ਉੱਤੇ ਪਾਈ ਪੋਸਟ ਵਿੱਚ ਆਖਿਆ ਸੀ ਕਿ ਅਮਰੀਕਾ ਵੱਲੋਂ ਤਿਆਰ ਕੀਤੇ ਜਾ ਰਹੇ ਏਅਰ ਡਿਫੈਂਸ ਸਿਸਟਮ ਗੋਲਡਨ ਡੋਮ ਦਾ ਹਿੱਸਾ ਬਣਨ ਲਈ ਕੈਨੇਡਾ ਨੂੰ 61 ਬਿਲੀਅਨ ਡਾਲਰ ਅਦਾ ਕਰਨੇ ਪੈਣਗੇ। ਪਰ ਜੇਕਰ ਕੈਨੇਡਾ ਅਮਰੀਕਾ ਦਾ 51ਵਾਂ ਸੂਬਾ ਬਣ ਜਾਂਦਾ ਹੈ ਤਾਂ ਉਸ ਨੂੰ ਕੁੱਝ ਵੀ ਖਰਚ ਨਹੀਂ ਕਰਨਾ ਪਵੇਗਾ। ਰੱਖਿਆ ਮੰਤਰੀ ਨੇ 61 ਬਿਲੀਅਨ ਡਾਲਰ ਦੇ ਪ੍ਰਾਈਜ ਟੈਗ ਬਾਰੇ ਤਾਂ ਗੱਲ ਨਹੀਂ ਕੀਤੀ ਪਰ ਉਹਨਾਂ ਨੇ ਆਖਿਆ ਕਿ ਮੈਂ ਇੱਕ ਚੀਜ਼ ਸਿੱਖੀ ਹੈ ਕਿ ਜਦੋਂ ਦੂਜੇ ਦੇਸ਼ਾਂ ਨਾਲ ਸੰਬੰਧਾਂ ਦੀ ਗੱਲ ਹੋਵੇ ਤਾਂ ਤੁਸੀਂ ਉਹੀ ਚੀਜ਼ਾਂ ਕੰਟਰੋਲ ਕਰ ਸਕਦੇ ਹੋ ਜੋ ਤੁਹਾਡੇ ਹੱਥ ਵੱਸ ਹੁੰਦੀਆਂ ਹਨ। ਇਸ ਕਰਕੇ ਅਸੀਂ ਆਪਣੀ ਪ੍ਰਭੂ ਸੱਤਾ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਾਂਗੇ ਤੇ ਇਸ ਵਾਸਤੇ ਪਤਝੜ ਜਾਂ ਫਾਲ ਦੇ ਮੌਸਮ ਦੌਰਾਨ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਜਿਆਦਾ ਤਫਸੀਲ ਵਿੱਚ ਦੱਸਿਆ ਜਾਵੇਗਾ।


























# ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮਿਲਣੀ ਮਾਂ ਦਿਵਸ ਨੂੰ ਸਮਰਪਿਤ ਰਹੀ




ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮਾਸਿਕ ਮੀਟਿੰਗ 21 ਮਈ ਨੂੰ ਲੈਵਿੰਗਸਟਨ ਕਮਿਊਨਿਟੀ ਸੈਂਟਰ ਵਿਖੇ ਹੋਈ ਜੋ ਮਾਂ-ਦਿਵਸ ਦੇ ਲੇਖੇ ਲਾਈ ਗਈ। ਇਸ ਦੇ ਪ੍ਰਧਾਨਗੀ ਮੰਡਲ ਵਿਚ ਵੀ ਔਰਤਾਂ ਸੁਸ਼ੋਭਤ ਹੋਈਆਂ ਅਤੇ ਕਾਰਵਾਈ ਦੀ ਜ਼ਿੰਮੇਵਾਰੀ ਗੁਰਮਿੰਦਰ ਕੌਰ ਨੇ ਬੜੇ ਸਲੀਕੇ ਨਾਲ਼ ਨਿਭਾਈ। ਸ਼ੁਰੂਆਤ ਗੁਰਮਿੰਦਰ ਕੌਰ ਦੁਆਰਾ ਇਸ ਸ਼ਬਦ-ਗਾਇਨ ਨਾਲ਼ ਹੋਈ - ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ। ਸਭਾ ਦੇ ਸਰਪ੍ਰਸਤ ਕੁਲਵੰਤ ਰਾਏ ਸ਼ਰਮਾ ਨੇ ਮੇਯਰ ਜਿ-ਤੀ ਗੌਂਡਿਕ ਅਤੇ ਕੌਂਸਲਰ ਰਾਜ ਧਾਲ਼ੀਵਾਲ਼ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੁਆਰਾ ਕੈਲਗਰੀ ਅਤੇ ਇਸ ਦੇ ਵਾਸੀਆਂ ਲਈ ਕੀਤੇ ਜਾ ਰਹੇ ਵੱਡੇ ਉਪਰਾਲਿਆਂ ਅਤੇ ਇਤਿਹਾਸਕ ਫੈਸਲਿਆਂ ਲਈ ਉਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ। ਜਨਰਲ ਸਕੱਤਰ ਜਸਪਾਲ ਕੰਗ ਨੇ ਇਨ੍ਹਾਂ ਮਹਿਮਾਨਾਂ ਨੂੰ ਜੀਅ ਆਇਆਂ ਕਹਿਣ ਮੌਕੇ ਸਾਰੇ ਉਸਾਰੂ ਕਾਰਜਾਂ ਲਈ ਸਭਾ ਵੱਲੋਂ ਹਰ ਸੰਭਵ ਤਰੀਕੇ ਨਾਲ ਸਹਿਯੋਗ ਦਾ ਭਰੋਸਾ ਦਿਵਾਇਆ।ਕੈਲਗਰੀ ਦੀ ਮੇਅਰ ਜਿ-ਤੀ ਗੌਂਡਿਕ ਨੇ ਮਾਂ-ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਉਸ ਨੂੰ ਮਾਂ ਨੇ ਮਾਂ-ਬੋਲੀ ਦੀ ਅਹਿਮੀਅਤ ਸਿਖਾਈ ਅਤੇ ਸੇਵਾ ਕਰਨ ਦੇ ਸੰਸਕਾਰ ਦਿੱਤੇ। ਉਸ ਨੇ ਕਿਹਾ ਕਿ ਆਪਣੇ ਲੋਕਾਂ ਨਾਲ਼ ਆਪਣੀ ਬੋਲੀ ਵਿਚ ਗੱਲਾਂ ਕਰ ਕੇ ਅਤੇ ਮਹਾਂਨਗਰ ਵਾਸੀਆਂ ਦੀ ਸੇਵਾ ਕਰ ਕੇ ਬੜੀ ਖ਼ੁਸ਼ੀ ਹੋ ਰਹੀ ਹੈ। ਰਾਜ ਧਾਲ਼ੀਵਾਲ਼ ਨੇ ਆਪਣੀ ਮਾਂ ਦੀ ਮਹਾਨ ਦੇਣ ਨੂੰ ਯਾਦ ਕਰਦਿਆਂ ਕਿਹਾ ਕਿ ਸਾਡੇ ਲਈ ਤਾਂ ਹਰ ਦਿਨ ਮਾਂ-ਦਿਵਸ ਹੁੰਦਾ ਹੈ। ਸਾਡੀ ਧਰਤੀ ਵੀ ਮਾਂ ਸਾਡੀ ਬੋਲੀ ਵੀ ਮਾਂ। ਇਸ ਮਗਰੋਂ ਮਈ ਮਹੀਨੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ ਗਈਆਂ। ਸੁਖਮੰਦਰ ਗਿੱਲ ਨੇ ਮਾਂ ਨੂੰ ਸਮਰਪਿਤ ਗੀਤ ਸੁਣਾਇਆ - ਫੇਰ ਕੱਚੇ ਘਰਾਂ ਦੀ ਕਹਾਣੀ ਯਾਦ ਆ ਗਈ / ਬਾਪੂ ਸਾਡਾ ਰਾਜਾ ਸੀ ਮਾਂ ਰਾਣੀ ਯਾਦ ਆ ਗਈ। ਗੁਰਪ੍ਰੀਤ ਕੌਰ ਨੇ ਸ਼ਬਦ ਗਾਇਨ ਕੀਤਾ, ਰੇਣੂੰ ਨੇ ਮਾਂ ਨੂੰ ਕਵਿਤਾ ਰਾਹੀਂ ਯਾਦ ਕੀਤਾ, ਡਾ: ਸਤਨਾਮ ਧੋਥੜ ਨੇ ਦੇਵ ਥਰੀਕੇ ਵਾਲੇ ਦਾ ਲਿਖਿਆ ਅਤੇ ਕੁਲਦੀਪ ਮਾਣਕ ਦਾ ਗਾਇਆ ਮਾਂ ਹੁੰਦੀ ਐ ਮਾਂ - ਦੁਨੀਆਂ ਵਾਲ਼ਿ- ਗੀਤ ਸੁਣਾਇਆ । ਮਹਿੰਦਰ ਕੌਰ ਟਿਵਾਣਾ ਨੇ ਬਹੁਤ ਹੀ ਭਾਵ-ਪੂਰਤ ਸ਼ਬਦਾਂ ਵਿਚ ਮਾਂ ਨੂੰ ਪ੍ਰੀਭਾਸ਼ਿਤ ਕੀਤਾ ਕਿ ਮਾਂ ਸਬਰ, ਕੁਰਬਾਨੀ ਅਤੇ ਅੰਦਰੂਨੀ ਸ਼ਕਤੀ ਦਾ ਮੁਜੱਸਮਾ ਹੁੰਦੀ ਹੈ। ਜਨਾਬ ਤਾਰਿਕ ਮਲਿਕ ਨੇ ਚੁਣਵੇਂ ਸ਼ਿਅਰਾਂ ਰਾਹੀਂ ਮਾਂ ਨੂੰ ਅਕੀਦਤ ਪੇਸ਼ ਕੀਤੀ ਤੇ ਕਿਹਾ ਕਿ ਹਰ ਨਵੀਂ ਜੰਮੀ ਬੱਚੀ ਫ਼ਿਤਰਤਨ ਮਾਂ ਹੋਤੀ ਹੈ। ਇੱਕ ਸਤਰ ਕਾਬਿਲੇ-ਗ਼ੌਰ ਹੈ - ਤੇਰੇ ਬਾਦ ਚਾਹਨੇ ਵਾਲੇ ਬਹੁਤ ਥੇ ਲੇਕਿਨ ਮੇਰੀ ਨਜ਼ਰ ਉਤਾਰਨੇ ਵਾਲਾ ਕੋਈ ਨਹੀਂ ਹੈ। ਰਣਦੀਪ ਸੰਧੂ, ਗੁਰਬਚਨ ਬਰਾੜ, ਪਰਮਜੀਤ ਭੰਗੂ, ਜਗਦੀਪ ਕੌਰ ਸਹੋਤਾ, ਜਸਵੰਤ ਸਿੰਘ ਕਪੂਰ, ਰਾਜੇਸ਼ ਅੰਗਰਾਲ਼, ਦਰਸ਼ਨ ਧਾਲ਼ੀਵਾਲ਼ ਅਤੇ ਹਫ਼ੀਜ਼ ਮਲਿਕ ਨੇ ਮਾਵਾਂ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਦੀਪ ਖੁਰਾਣਾ ਨੇ ਸਿਹਤ ਬਾਰੇ ਵਿਗਿਆਨਕ ਜਾਣਕਾਰੀ ਦਿੱਤੀ। ਮੁਨੱਵਰ ਅਹਿਮਦ ਨੇ ਮਾਂ-ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਮਾਂ ਦਾ ਕੰਮ ਜਨਮ ਦੇਣਾ ਹੈ, ਖ਼ਤਮ ਕਰਨਾ ਨਹੀਂ। ਉਸ ਨੇ ਕਮਾਲ ਦੀ ਗਾਇਕੀ ਰਾਹੀਂ ਪਹਾੜੀ ਰਾਗ ਵਿੱਚ ਮਾਹੀਆ ਪੇਸ਼ ਕੀਤਾ- ਸੋਨੇ ਦਾ ਕਿੱਲ ਮਾਹੀਆ / ਲੋਕਾਂ ਦੀਆਂ ਰੋਣ ਅੱਖੀਆਂ, ਸਾਡਾ ਰੋਂਦਾ ਈ ਦਿਲ ਮਾਹੀਆ। ਤਰਲੋਕ ਚੁੱਘ ਨੇ ਮਾਂ ਨਾਲ਼ ਸੰਬੰਧਤ ਚੁਟਕਲੇ ਸੁਣਾ ਕੇ ਮਾਵਾਂ ਸਮੇਤ ਸਾਰਿਆਂ ਨੂੰ ਹਸਾਇਆ। ਜਗਦੇਵ ਸਿੱਧੂ ਨੇ ਮਾਂ ਦੇ ਸਤਿਕਾਰ ਹਿਤ ਆਪਣੀ ਲਿਖੀ ਨਜ਼ਮ ਪੇਸ਼ ਕੀਤੀ - ਕਰ ਲ- ਪਿਆਰ ਸਤਿਕਾਰ ਫੇਰ ਮਾਂ ਨਹੀਂ ਥਿਆਉਣੀ। ਅਖੀਰ ਵਿਚ ਸਾਰੀਆਂ ਔਰਤ ਮੈਂਬਰਾਂ ਨੂੰ ਬਤੌਰ ਮਾਵਾਂ ਤੋਹਫ਼ਿਆਂ ਨਾਲ਼ ਸਨਮਾਨਿਤ ਕੀਤਾ ਗਿਆ। ਪ੍ਰਧਾਨ ਸੰਤੋਖ ਸਿੰਘ ਕੰਦੋਲਾ ਨੇ ਮਹਿਮਾਨਾਂ ਸਮੇਤ ਹਾਜ਼ਰੀਨ ਦਾ ਧੰਨਵਾਦ ਕੀਤਾ। ਸੁਰਿੰਦਰ ਸਿੰਘ ਮਿਨਹਾਸ ਦੁਆਰਾ ਖਾਣੇ ਦਾ ਸਾਰਾ ਇੰਤਜ਼ਾਮ ਆਪਣੇ ਵੱਲੋਂ ਕਰਨ ਲਈ ਉਸ ਦਾ ਵੀ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਅਗਲੀ ਮੀਟਿੰਗ 25 ਜੂਨ ਨੂੰ ਇਸੇ ਹਾਲ ਵਿੱਚ ਹੋਵੇਗੀ।

# ਆਪ ਚੰਗੇ ਬਣੋ, ਸਾਰੀ ਦੁਨੀਆਂ ਦਾ ਆਪੇ ਭਲਾ ਹੋ ਜਾਣੈ !

## ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 26 ਮਈ ਨੂੰ ਵੀਵੋ ਦੇ ਹਾਲ ਵਿੱਚ ਹੋਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਅਗਲੇ ਕੁੱਝ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ ਜਿਨ੍ਹਾਂ ਵਿਚ ਮੀਟਿੰਗਾਂ ਤੋਂ ਇਲਾਵਾ ਟੂਰ ਅਤੇ ਪਿਕਨਿਕ ਵੀ ਸ਼ਾਮਲ ਹਨ। ਉਨ੍ਹਾਂ ਨੇ ਧਰਤੀ ਉਪਰ ਲੱਖਾਂ ਸਾਲਾਂ ਤੋਂ ਹੋ ਰਹੇ ਮਨੁੱਖੀ ਵਿਕਾਸ ਦੇ ਪੜਾਵਾਂ ਬਾਰੇ ਵਿਗਿਆਨਕ ਨਜ਼ਰੀਏ ਤੋਂ ਦੱਸਿਆ ਕਿ ਦੁਨੀਆਂ ਭਰ ਦੇ ਅਸੀਂ ਸਾਰੇ ਲੋਕ ਲਗਭਗ ਇੱਕੋ ਮੂਲ ਦੇ ਪੁਰਖਿਆਂ ਦੀ ਔਲਾਦ ਹਾਂ। ਇਸ ਲਈ ਸਾਰੇ ਬਰਾਬਰ ਹਾਂ, ਕੋਈ ਜਾਤ ਪਾਤ, ਫ਼ਿਰਕਾ, ਧਰਮ, ਭੂਗੋਲਿਕ ਸਥਿਤੀ, ਰੰਗ ਜਾਂ ਨਸਲ ਸਾਨੂੰ ਵੱਖਰੇ ਨਹੀਂ ਕਰ ਸਕਦੇ। ਸਾਡੇ ਵਿਕਾਸ ਵਿਚ ਵਾਤਾਵਰਣ ਦਾ ਅਹਿਮ ਰੋਲ ਹੈ। ਸਾਡੀ ਪਛਾਣ ਕੇਵਲ ਤੇ ਕੇਵਲ ਸਾਡੇ ਵਿਅੱਕਤੀਗਤ ਗੁਣਾਂ ਕਰਕੇ ਹੈ, ਸਮਾਜ ਅੰਦਰ ਵਿਚਰਨ ਦੇ ਸਲੀਕੇ ਕਰਕੇ ਹੈ। ਗਿਆਨ ਨਾਲ਼ ਜੁੜੀਏ, ਲੜਾਈਆਂ ਦਾ ਮੂਲ ਕਾਰਨ ਹੰਕਾਰ ਹੈ, ਜੰਗਾਂ ਬੰਦ ਕਰਾਉਣ ਲਈ ਜਤਨ ਕਰੀਏ। ਇਸ ਮਗਰੋਂ ਮਈ ਮਹੀਨੇ ਪੈਂਦੇ ਜਨਮਦਿਨ ਵਾਲੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆ ਗਈਆਂ। ਜਨਾਬ ਤਾਰਿਕ ਮਲਿਕ ਨੇ ਸ਼ਿਅਰਾਂ ਤੋਂ ਇਲਾਵਾ ਇਸ਼ਕ-ਮਜਾਜ਼ੀ ਦੀ ਗ਼ਜ਼ਲ ਫ਼ੁਰਮਾਈ। ਬਿੱਕਰ ਸਿੰਘ ਸੰਧੂ ਨੇ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਨਾਲ਼ ਕਿਹਾ ਕਿ ਆਪ ਚੰਗੇ ਬਣੋ, ਸਾਰੀ ਦੁਨੀਆਂ ਦਾ ਆਪੇ ਭਲਾ ਹੋ ਜਾਣੈ। ਰਿਸ਼ਤਾ ਕੋਈ ਉਦੋਂ ਬਣਾਉਂਦੈ ਜਦੋਂ ਅਧੂਰਾ ਹੁੰਦੈ। ਉਸ ਨੇ ਮਧੁਰ ਆਵਾਜ਼ ਵਿਚ ਗਾ ਕੇ ਰੂਹਾਨੀ ਸੁਨੇਹਾ ਦਿੱਤਾ - ਜਿੰਨ੍ਹਾਂ ਨੂੰ ਤੂੰ ਦਿਸਦਾ ਉਹ ਕੋਈ ਹੋਰ ਈ ਅੱਖਾਂ ਨੇ। ਡਾ: ਮਨਮੋਹਨ ਬਾਠ ਦਾ ਗੀਤ ਮਨਾਂ ਦੇ ਧੁਰ ਅੰਦਰ ਲਹਿ ਗਿਆ। ਉਸ ਦੀ ਲੈਅ ਅਤੇ ਆਵਾਜ਼ 'ਤੇ ਰਸ਼ਕ ਆਉਂਦਾ ਹੈ। ਵਿਜੇ ਸਚਦੇਵਾ ਨੇ ਮਕਬੂਲ ਗਾਇਕੀ ਦਾ ਨਮੂਨਾ ਪੇਸ਼ ਕੀਤਾ। ਸੁਖਮੰਦਰ ਗਿੱਲ ਨੇ ਗੁਰਦਾਸ ਮਾਨ ਦਾ ਇਹ ਗੀਤ ਆਪਣੇ ਅੰਦਾਜ਼ ਵਿੱਚ ਹਾਰਮੋਨੀਅਮ ਦੀਆਂ ਸੁਰਾਂ'ਤੇ ਗਾਇਆ। ਹਰਕੰਵਲਜੀਤ ਕੌਰ ਧਾਲ਼ੀਵਾਲ਼ ਅਤੇ ਸੁਰਜੀਤ ਕੌਰ ਕੰਮੋਹ ਨੇ ਸੁਰ ਨਾਲ਼ ਸੁਰ ਮਿਲਾ ਕੇ ਜਦੋਂ ਜੁੱਤੀ ਕਸੂਰੀ ਪੈਂਦੀ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ਤੁਰਨਾ ਪਿਆ, ਗਾਇਆ - ਤਾਂ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਨੂੰ ਸਾਕਾਰ ਕਰ ਦਿੱਤਾ। ਦਰਸ਼ਕਾਂ ਨੇ ਮੰਤਰ-ਮੁਗਧ ਹੋ ਕੇ ਸਰਵਣ ਕੀਤਾ। ਤਰਲੋਕ ਚੁੱਘ, ਜੋਗਿੰਦਰ ਕੌਰ ਗਰੇਵਾਲ਼ ਅਤੇ ਭਜਨ ਸਿੰਘ ਸਾਗੂ ਨੇ ਆਪੋ ਆਪਣੇ ਅੰਦਾਜ਼ ਵਿਚ ਚੁਟਕਲੇ ਸੁਣਾ ਕੇ ਹਾਸਿਆਂ ਦਾ ਮਾਹੌਲ ਸਿਰਜਿਆ। ਜਸਵੰਤ ਸਿੰਘ ਕਪੂਰ ਨੇ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕੀਤਾ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਚਲਾਉਂਦਿਆਂ ਟਿੱਪਣੀਆਂ ਅਤੇ ਚੁਟਕਲੇ ਸੁਣਾ ਕੇ ਮਨੋਰੰਜਨ ਦਾ ਮਾਹੌਲ ਬਰਕਰਾਰ ਰੱਖਿਆ। ਸੁਰਿੰਦਰ ਜੀਤ ਪਲਾਹਾ ਨੇ ਬੜਾ ਕੀਮਤੀ ਸੁਝਾਅ ਦਿੱਤਾ ਕਿ ਕੋਈ ਦੋ ਮੈਂਬਰ ਸਟੇਜ 'ਤੇ ਆਹਮੋ ਸਾਹਮਣੇ ਹੋ ਕੇ ਕਿਸੇ ਮਹੱਤਵਪੂਰਨ ਵਿਸ਼ੇ ਉਪਰ ਆਪੋ ਆਪਣੇ ਵਿਚਾਰ -ਤਕਰਾਰ ਰੱਖਿਆ ਕਰਨ। ਇਸ ਸੁਝਾਅ ਦਾ ਸਾਰਿਆਂ ਨੇ ਸੁਆਗਤ ਕੀਤਾ।ਅਖੀਰ ਵਿਚ ਉਨ੍ਹਾਂ ਨੇ ਪ੍ਰਬੰਧਕੀ ਟੀਮ, ਐਸੋਸੀਏਸ਼ਨ ਨੂੰ ਦਾਨ ਦੇਣ ਵਾਲ਼ੇ ਮੈਂਬਰਾਂ, ਖਾਣਾ ਪਰੋਸਣ ਵਾਲ਼ੀਆਂ ਬੀਬੀਆਂ ਅਤੇ ਸਮੂਹ ਹਾਜ਼ਰੀਨ ਦਾ ਪ੍ਰਸ਼ੰਸਾਮਈ ਸ਼ਬਦਾਂ ਨਾਲ਼ ਧੰਨਵਾਦ ਕੀਤਾ।

# ਸਿਰ ਤੇ ਹੱਥ ਧਰ ਅੰਮੜੀ ਬੋਲੀ, ਤੂੰ ਧਰਤੀ ਦਾ ਗੀਤ ਰਹੇਂਗਾ

## ਪਦਮ ਸ੍ਰੀ ਹੋ ਕੇ ਵੀ ਪਾਤਰ, ਤੂੰ ਮੇਰਾ ਸੁਰਜੀਤ ਰਹੇਂਗਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 25 ਮਈ ਦਿਨ ਐਤਵਾਰ ਕੋਸੋ ਹਾਲ ਵਿਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ । ਸਾਡੇ ਯੁੱਗ ਦੇ ਮਹਾਨ ਕਵੀ ਡਾ: ਸੁਰਜੀਤ ਪਾਤਰ ਦੀ ਪਹਿਲੀ ਬਰਸੀ ਨੂੰ ਮੱਦੇ ਨਜ਼ਰ ਰੱਖਦਿਆਂ ਸਭਾ ਦੀ ਸਮੁੱਚੀ ਕਾਰਵਾਈ ਡਾ: ਪਾਤਰ ਨੂੰ ਸਮਰਪਿਤ ਰਹੀ । ਮੈਂਬਰਾਂ ਦੀ ਭਰਵੀਂ ਹਾਜ਼ਰੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਪੰਜਾਬੀਆਂ ਦੇ ਦਿਲਾਂ 'ਚ ਡਾ: ਪਾਤਰ ਦੀ ਸ਼ਾਇਰੀ ਪ੍ਰਤੀ ਅਥਾਹ ਪਿਆਰ ਤੇ ਸ਼ਰਧਾ ਹੈ । ਮੇਜਰ ਸਿੰਘ ਛੀਨਾ ਦੀਆਂ ਲਿਖੀਆਂ ਸਤਰਾਂ ਨਾਲ ਪਦਮ ਸ੍ਰੀ ਡਾ: ਪਾਤਰ ਨੂੰ ਪਿਆਰ 'ਚ ਗੜੁੱਚ ਸਤਰਾਂ ਨਾਲ ਸ਼ਰਧਾਂਜਲੀ ਅਰਪਣ ਕੀਤੀ । ਸੁਰਿੰਦਰ ਗੀਤ ਨੇ ਡਾ: ਪਾਤਰ ਨਾਲ ਪਰਿਵਾਰਕ ਅਤੇ ਸਹਿਤਕ ਯਾਦਾਂ ਸਾਂਝੀਆਂ ਕੀਤੀਆਂ । ਲਖਵਿੰਦਰ ਸਿੰਘ ਪਟਿਆਲਾ ਨੇ ਪਾਤਰ ਦੇ ਸਮੁੱਚੇ ਜੀਵਨ, ਉਸ ਦੀਆਂ ਉਸ ਦੀਆਂ ਰਚਨਾਵਾਂ, ਮਿਲੇ ਮਾਨ-ਸਨਮਾਨ ਅਤੇ ਪ੍ਰਾਪਤੀਆਂ ਦਾ ਸੰਤੁਲਿਤ ਰੂਪ ਵਿਚ ਬਿ?ਰਾ ਪੇਸ਼ ਕੀਤਾ । ਲਹਿੰਦੇ ਪੰਜਾਬ 'ਚੋਂ ਮੁਨੱਵਰ ਅਹਿਮਦ ਨੇ ਪਾਤਰ ਦੀਆਂ ਦੋ ਗ਼ਜ਼ਲਾਂ ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕੀਤੀਆਂ । ਹਰਕੰਵਲਜੀਤ ਕੌਰ ਧਾਲ਼ੀਵਾਲ਼ ਜਰਨੈਲ ਤੱਗੜ ਅਤੇ ਗੁਰਰਾਜ ਸਿੰਘ ਵਿਰਕ ਨੇ ਪਾਤਰ ਦੀਆਂ ਕਵਿਤਾਵਾਂ ਦਾ ਪਾਠ ਕਰਕੇ ਪੰਜਾਬੀ ਦੇ ਮਹਾਨ ਸਪੂਤ ਨੂੰ ਅਕੀਦਾ ਪੇਸ਼ ਕੀਤਾ । ਡਾ: ਮਨਮੋਹਨ ਬਾਠ ਨੇ ਸੁਰਿੰਦਰ ਗੀਤ ਦੀ ਨਜ਼ਮ 'ਸਤਰੰਗੀ ਪੀਂਘ ਬੜੇ ਵਧੀਆ ਅੰਦਾਜ਼ ਵਿੱਚ ਸੁਣਾਈ । ਸੁਖਮੰਦਰ ਗਿੱਲ, ਜੀਤ ਸਿੰਘ ਬਰਾੜ, ਸੁਰਿੰਦਰ ਢਿੱਲੋਂ, ਸੁਖਵਿੰਦਰਪਾਲ ਗੋਸਲ, ਪਰਮਜੀਤ ਸਿੰਘ ਭੰਗੂ ਅਤੇ ਸੁਖਦੇਵ ਬੈਂਸ ਨੇ ਪਾਤਰ ਨੂੰ ਸ਼ਰਧਾਂਜਲੀ ਪੇਸ਼ ਕਰਦਿਆਂ ਪੰਜਾਬੀ ਵਿਰਾਸਤ ਨੂੰ ਅੱਗੇ ਤੋਰਨ ਦੀ ਗੱਲ ਕੀਤੀ ।ਸੁਖਵਿੰਦਰ ਤੂਰ ਨੇ ਪਾਤਰ ਦੀ ਕਿਸਾਨ ਅੰਦੋਲਨ ਬਾਰੇ ਲਿਖੀ ਲੰਮੀ ਨਜ਼ਮ ਸੁਰ ਵਿਚ ਗਾ ਕੇ ਵਧੀਆ ਪ੍ਰਭਾਵ ਛੱਡਿਆ ਸਰਦੂਲ ਲੱਖਾ ਨੇ ਆਪਣੀਆਂ ਕਵਿਤਾਵਾਂ ਦਾ ਉਚਾਰਨ ਕੀਤਾ । ਨਵਨੀਤ ਕੌਰ ਬਰਾੜ ਨੇ ਭਾਵੁਕ ਹੋ ਕੇ ਕਿਹਾ ਕਿ ਮੈਂ ਇੱਥੇ ਆਪਣੀ ਮਾਂ-ਬੋਲੀ ਦੇ ਹੋਰ ਨਜ਼ਦੀਕ ਹੋਣ ਲਈ ਆਈ ਹਾਂ ਅਤੇ ਤੁਹਾਡੇ ਵਿੱਚੋਂ ਆਪਣੇ ਪਾਪਾ ਅਤੇ ਦਾਦਾ ਜੀ ਨੂੰ ਲੱਭਦੀ ਹਾਂ । ਜਗਦੇਵ ਸਿੱਧੂ ਨੇ ਸੁਰਜੀਤ ਪਾਤਰ ਦੀਆਂ ਅਨੇਕ ਨਜ਼ਮਾਂ ਅਤੇ ਗ਼ਜ਼ਲਾਂ ਵਿੱਚੋਂ ਉਦਾਹਰਣ ਮਾਤਰ ਸਤਰਾਂ ਦੇ ਹਵਾਲੇ ਦੇ ਕੇ ਪਾਤਰ ਦੀ ਬਹੁ-ਪੱਖੀ ਪ੍ਰਤਿਭਾ ਅਤੇ ਸ਼ਖ਼ਸੀਅਤ ਨੂੰ ਉਜਾਗਰ ਕੀਤਾ । ਤਰਲੋਕ ਚੁੱਘ ਨੇ ਚੁਟਕਲੇ ਸੁਣਾ ਕੇ ਹਾਸਾ ਬਿਖੇਰਿਆ।ਅੰਤ ਵਿੱਚ ਸੁਰਿੰਦਰ ਗੀਤ ਨੇ ਆਪਣੀ ਇੱਕ ਨਜ਼ਮ "ਕੀ ਤੈਨੂੰ ਯਾਦ ਹੈ"ਸੁਣਾਈ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ । ਮੰਚ ਸੰਚਾਲਨ ਦਾ ਕੰਮ ਜਨਰਲ ਸਕੱਤਰ ਗੁਰਦਿਆਲ ਖਹਿਰਾ ਨੇ ਬਾਖ਼ੂਬੀ ਨਿਭਾਇਆ ।

# ਟਰੰਪ ਦਾ ਯਾਰ ਐਲਨ ਮਸਕ -ਅਹੁਦਾ ਛੱਡ ਖਿਸਕਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਵਿੱਚ ਸਲਾਹਕਾਰ ਵੱਜੋਂ ਕੰਮ ਕਰ ਰਹੇ ਐਲਨ ਮਸਕ ਨੇ ਫ਼ੈਡਰਲ ਖਰਚਿਆਂ ਵਿਚ ਕਟੌਤੀ ਤੇ ਨੌਕਰਸ਼ਾਹੀ ਵਿੱਚ ਸੁਧਾਰ ਦੀਆਂ ਕੋਸ਼ਿਸ਼ਾਂ ਮਗਰੋਂ ਅਹੁਦਾ ਛੱਡ ਦਿੱਤਾ ਹੈ। ਐਲਨ ਮਸਕ ਨੇ 'ਐਕਸ' ਉੱਤੇ ਪੋਸਟ ਪਾਕੇ ਆਪਣੇ ਅਸਤੀਫੇ ਬਾਰੇ ਜਾਣਕਾਰੀ ਸਾਂਝੀ ਕੀਤੀ। ਜ਼ਿਕਰਯੋਗ ਹੈ ਕਿ ਮਸਕ ਨੇ ਹਾਲ ਹੀ ਵਿੱਚ ਇਸ਼ਾਰਾ ਕੀਤਾ ਸੀ ਕਿ ਉਹ ਆਪਣੀ ਕੰਪਨੀ ਟੈਸਲਾ ਤੇ SpaceX ਦੇ ਕਾਰੋਬਾਰ ਵੱਲ ਧਿਆਨ ਦੇਣਗੇ। ਮਸਕ ਨੇ 'ਐਕਸ' 'ਤੇ ਲਿਖਿਆ, ''ਵਿਸ਼ੇਸ਼ ਸਰਕਾਰੀ ਕਰਮਚਾਰੀ ਵੱਜੋਂ ਮੇਰਾ ਨਿਰਧਾਰਿਤ ਸਮਾਂ ਪੂਰਾ ਹੋ ਰਿਹਾ ਹੈ। ਮੈਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਧੰਨਵਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਮੈਨੂੰ ਫ਼ਜ਼ੂਲਖਰਚੀ ਘਟਾਉਣ ਦਾ ਮੌਕਾ ਦਿੱਤਾ। 'DOGE' ਮਿਸ਼ਨ ਸਮੇਂ ਦੇ ਨਾਲ ਹੋਰ ਮਜ਼ਬੂਤ ਹੋਵੇਗਾ ਕਿਉਂਕਿ ਇਹ ਜੀਵਨ ਦਾ ਇੱਕ ਤਰੀਕਾ ਬਣ ਜਾਵੇਗਾ।'' ਮਸਕ ਨੇ ਆਪਣੇ ਅਸਤੀਫ਼ੇ ਦਾ ਐਲਾਨ ਇੱਕ ਟੀਵੀ ਚੈਨਲ ਵੱਲੋਂ ਉਨ੍ਹਾਂ ਨਾਲ ਇੱਕ ਇੰਟਰਵਿਊ ਦਾ ਅੰਸ਼ ਜਾਰੀ ਕੀਤੇ ਜਾਣ ਤੋਂ ਬਾਅਦ ਕੀਤਾ ਹੈ। ਇੰਟਰਵਿਊ ਦੌਰਾਨ ਮਸਕ ਨੇ ਟਰੰਪ ਦੇ ਵਿਧਾਨਕ ਏਜੰਡੇ ਦੀ ਨੁਕਤਾਚੀਨੀ ਕਰਦੇ ਹੋਏ ਕਿਹਾ ਸੀ ਕਿ ਉਹ ਰਾਸ਼ਟਰਪਤੀ ਦੇ ਇਸ 'ਬਿੱਲ' ਤੋਂ ਨਿਰਾਸ਼ ਹਨ। ਮਸਕ ਨੇ ਇਸ ਬਿੱਲ ਨੂੰ 'ਵਧੇਰੇ ਖਰਚੀਲਾ' ਦੱਸਿਆ ਸੀ, ਜੋ ਫ਼ੇਡਰਲ ਘਾਟੇ ਨੂੰ ਵਧਾਉਂਦਾ ਹੈ ਤੇ ਉਨ੍ਹਾਂ ਦੇ ਵਿਭਾਗ ਦੇ 'ਕੰਮ ਨੂੰ ਕਮਜ਼ੋਰ ਕਰਦਾ ਹੈ।''

# ਇੰਕਾ ਸੀਨੀਅਰ ਸੋਸਾਇਟੀ ਵੱਲੋਂ ਮਦਰ ਡੇ ਮਨਾਇਆ ਗਿਆ





ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਦੇ ਹਾਲ ਵਿੱਚ ਮਦਰ ਡੇ ਮਨਾਉਣ ਲਈ ਇਕੱਤਰਤਾ ਹੋਈ। ਜਨਰਲ ਸਕੱਤਰ ਮੇਜਰ ਸਿੰਘ ਧਾਲੀਵਾਲ ਨੇ ਹਾਜ਼ਰੀਨ ਨੂੰ ਜੀ ਆਇਆ ਕਿਹਾ ਇਸ ਤੋਂ ਉਪਰੰਤ ਸੰਸਥਾ ਦੇ ਸੀਨੀਅਰ ਮੈਂਬਰ ਮੱਗਰ ਸਿੰਘ ਬਾਠ ਦੇ ਅਕਾਲ ਚਲਾਣੇ ਉਪਰੰਤ ਦੋ ਮਿੰਟ ਦਾ ਮੋਨ ਧਾਰਨ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਜਰਨੈਲ ਸਿੰਘ ਤੱਗੜ ਨੇ ਮਦਰ ਡੇ, ਮਈ ਦਿਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰਿੰਸੀਪਲ ਸੱਤਪਾਲ ਕੌਸ਼ਲ ਨੇ ਮਾਂ ਦੀ ਮਹੱਤਤਾ ਤੇ ਵਿਚਾਰ ਪ੍ਰਗਟ ਕੀਤੇ ਅਤੇ ਗੁਰਭਜਨ ਗਿੱਲ ਦੀ ਲਿਖੀ ਮਾਂ ਬਾਰੇ ਕਵਿਤਾ ਵੀ ਸੁਣਾਈ। ਮੇਜਰ ਸਿੰਘ ਧਾਲੀਵਾਲ ਨੇ ਕਿਹਾ ਕਿ ਮਾਂ ਸਬੰਧੀ ਕਈ ਲੇਖਕਾਂ ਨੇ ਗੀਤ ਲਿਖੇ ਹਨ ਅਤੇ ਉਨਾਂ "ਮਾਂ ਬਿਨਾਂ ਪੁੱਤ ਕਿਸੇ ਨੇ ਕਹਿਣਾ" ਨਾਂ ਦੀ ਕਵਿਤਾ ਪੇਸ਼ ਕੀਤੀ। ਬਿੱਕਰ ਸਿੰਘ ਸੰਧੂ ਨੇ ਗੁਰਬਾਣੀ ਦੇ ਹਵਾਲੇ ਦੇ ਕੇ ਜੀਵਨ ਬਾਰੇ ਮਹੱਤਵਪੂਰਨ ਨੁਕਤਿਆਂ ਨਾਲ ਜ਼ਿਕਰ ਕੀਤਾ ਅਤੇ ਮਾਂ ਦੀ ਯਾਦ ਵਿੱਚ ਇੱਕ ਗੀਤ ਵੀ ਸੁਣਾਇਆ। ਮਾਸਟਰ ਬਚਿੱਤਰ ਸਿੰਘ ਗਿੱਲ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਇਤਿਹਾਸਿਕ ਅਤੇ ਗੁਰਬਾਣੀ ਵਿੱਚੋਂ ਹਵਾਲੇ ਦੇ ਕੇ ਵਿਸਥਾਰ ਨਾਲ ਦੱਸਿਆ ਜਿਸ ਨੂੰ ਸਰੋਤਿਆਂ ਨੇ ਬੜੇ ਧਿਆਨ ਨਾਲ ਸੁਣਿਆ। ਬਜ਼ੁਰਗਾਂ ਦੇ ਜਨਮਦਿਨ ਮਨਾਏ ਗਏ, ਉਹਨਾਂ ਦੀ ਲੰਮੀ ਉਮਰ ਤੇ ਤੰਦਰੁਸਤੀ ਦੀ ਕਾਮਨਾ ਕੀਤੀ ਗਈ। ਆਖਿਰ ਵਿੱਚ ਸੰਸਥਾ ਦੇ ਪ੍ਰੈਜੀਡੈਂਟ ਮੋਤਾ ਸਿੰਘ ਮਿਨਹਾਸ ਨੇ ਸਾਰੇ ਆਇਆ ਦਾ ਧੰਨਵਾਦ ਕੀਤਾ। ਖਾਣ ਪੀਣ ਦੀ ਸੇਵਾ ਦਰਸ਼ਨ ਸਿੰਘ ਔਲਖ, ਸੁਰਮਖ ਸਿੰਘ ਕੂਨਰ ਅਤੇ ਸੁਰਿੰਦਰ ਸੂਰੀ ਨੇ ਨਿਭਾਈ।









# ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਡਾ. ਬਲਵਿੰਦਰ ਕੌਰ ਬਰਾੜ ਨਾਲ਼ ਵਿਸ਼ੇਸ਼ ਮਿਲਣੀ

## ਮੇਰੇ ਵਿਦਿਆਰਥੀ ਹੀ ਮੇਰਾ ਸਰਮਾਇਆ ਹਨ : ਡਾ. ਬਰਾੜ



ਹੇਵਰਡ, (ਹਰਦਮ ਮਾਨ)- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਵੱਲੋਂ ਡਾ. ਬਲਵਿੰਦਰ ਕੌਰ ਬਰਾੜ ਦੇ ਸਨਮਾਨ ਵਿੱਚ ਮੂਨ ਰੈਸਟੋਰੈਂਟ ਹੇਵਰਡ ਵਿਖੇ ਇੱਕ ਵਿਸ਼ੇਸ਼ ਮਿਲਣੀ ਕੀਤੀ ਗਈ। ਇਸ ਮਿਲਣੀ ਦੇ ਪ੍ਰਬੰਧਕ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਡਾ. ਬਰਾੜ ਦੀ ਜਾਣ-ਪਛਾਣ ਕਰਵਾਉਂਦੇ ਹੋਏ ਦੱਸਿਆ ਕਿ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਸਮਰਪਿਤ ਇਸ ਸ਼ਖ਼ਸੀਅਤ ਨੇ ਆਪਣੇ ਸੇਵਾ ਕਾਲ ਦੌਰਾਨ 35 ਵਿਦਿਆਰਥੀਆਂ ਨੂੰ ਪੀ.ਐਚ.ਡੀ. ਕਰਵਾਈ ਅਤੇ 125 ਦੀ ਕਰੀਬ ਵਿਦਿਆਰਥੀਆਂ ਦੀ ਐਮ.ਫ਼ਿਲ. ਦੇ ਥੀਸਸ ਲਿਖਣ ਲਈ ਯੋਗ ਅਗਵਾਈ ਕੀਤੀ। ਮੈਡਮ ਨੇ ਅੱਧੀ ਦਰਜਨ ਤੋਂ ਵੱਧ ਕਹਾਣੀ ਸੰਗ੍ਰਹਿ, ਤਿੰਨ ਨਾਵਲ ਅਤੇ ਸਵੈ-ਜੀਵਨੀ ਨਾਲ਼ ਪੰਜਾਬੀ ਸਾਹਿਤ ਦੀ ਝੋਲੀ ਭਰੀ ਹੈ। ਸੇਵਾ ਮੁਕਤੀ ਤੋਂ ਬਾਅਦ ਉਹ ਕੈਲਗਰੀ ਵਿਖੇ ਆਪਣੇ ਬੱਚਿਆਂ ਕੋਲ ਰਹਿ ਰਹੇ ਹਨ। ਜਿੱਥੇ ਉਹ ਇੱਕ ਵਿਮੈਨ ਐਸੋਸੀਏਸ਼ਨ ਦੇ ਸੰਚਾਲਕ ਹਨ। ਪ੍ਰਾਈਮ ਏਸ਼ੀਆ ਟੀਵੀ ਸਮੇਤ ਹੋਰ ਕਈ ਚੈਨਲਾਂ ਤੋਂ ਪੋਡ ਕਾਸਟਿੰਗ ਨਾਲ਼ ਜੀਵਨ ਸੇਧ ਦੇ ਕੇ ਉਨ੍ਹਾਂ ਪੰਜਾਬੀਆਂ ਦੇ ਦਿਲ ਵਿੱਚ ਵਿਸ਼ੇਸ਼ ਥਾਂ ਬਣਾਈ ਹੈ। ਪ੍ਰਭਸ਼ਰਨ ਸਿੰਘ ਨੇ ਕਿਹਾ ਕਿ ਮੈਡਮ ਨਿੱਡਰਤਾ ਦੀ ਇੱਕ ਮਿਸਾਲ ਹਨ। ਸਦਮੇ ਵਿੱਚੋਂ ਲੰਘ ਰਹੇ ਲੋਕਾਂ ਲਈ ਰਚਿਆ ਸਾਹਿਤ ਉਨ੍ਹਾਂ ਵੱਲੋਂ ਕੀਤੀ ਵਿੱਲਖਣ ਪੇਸ਼ਕਾਰੀ ਹੈ। ਸਿਆਸਤ ਜੰਮੂ ਨੇ ਕਿਹਾ ਕਿ ਮੈਡਮ ਦੀ ਕਲਾਸ ਦਾ ਮਹੌਲ ਹਮੇਸ਼ਾ ਸ਼ਾਂਤੀ ਨਿਕੇਤਨ ਵਰਗਾ ਹੁੰਦਾ ਸੀ। ਮੈਡਮ ਦੇ ਸੁਭਾਅ ਦਾ ਮੀਰੀ ਗੁਣ ਹੋਣ ਕਰ ਕੇ ਵਿਦਿਆਰਥੀ ਉਨ੍ਹਾਂ ਨਾਲ਼ ਲੋੜ ਮੁਤਾਬਿਕ ਰਿਸ਼ਤਾ ਕਾਇਮ ਕਰ ਲੈਂਦੇ ਸਨ। ਹਰ ਵਿਅਕਤੀ ਨੂੰ ਉਨ੍ਹਾਂ ਦੇ ਘਰ ਜਾਣ ਦੀ ਤੇ ਮਨ ਭਾਉਂਦਾ ਖਾਣ ਦੀ ਪੂਰੀ ਖੁੱਲ੍ਹ ਹੁੰਦੀ ਸੀ। ਸੁਖਵਿੰਦਰ ਸਿੰਘ (ਸੁੱਖਾ) ਨੇ ਸਿਆਸਤ ਜੰਮੂ ਦੇ ਇਸ ਕਥਨ ਦੀ ਪ੍ਰੋੜ੍ਹਤਾ ਕੀਤੀ। ਮੈਡਮ ਬਰਾੜ ਨੇ ਸਭ ਦੇ ਰੂਬਰੂ ਹੁੰਦੇ ਕਿਹਾ ਕਿ ਅਜੋਕੇ ਸਮੇਂ ਵਿੱਚ ਸਭ ਤੋਂ ਵੱਡਾ ਤੋਹਫ਼ਾ ਕਿਸੇ ਨੂੰ ਸਮਾਂ ਦੇਣਾ ਹੁੰਦਾ ਹੈ ਜੋ ਤੁਸੀਂ ਮੈਨੂੰ ਦੇ ਰਹੇ ਹੋ। ਸਮਾਂ, ਵਿਅਕਤੀ ਤੇ ਸੰਬੰਧ ਖ਼ਤਮ ਹੋਣ ਤੋਂ ਬ▲ਾਅਦ ਹੀ ਯਾਦ ਆਉਂਦੇ ਹਨ। ਭਰ ਜਵਾਨੀ ਵਿੱਚ ਜੀਵਨ ਸਾਥੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਉਨ੍ਹਾਂ ਵਿਦਿਆਰਥੀਆਂ ਦੇ ਹੁੰਗਾਰੇ ਨਾਲ਼ ਹੀ ਆਪਣੇ ਆਪ ਨੂੰ ਜਿਊਣ ਯੋਗ ਬਣਾਇਆ ਹੈ। ਉਨ੍ਹਾਂ ਕਿ ਵਿਦਿਆਰਥੀ ਉਨ੍ਹਾਂ ਦਾ ਸਰਮਾਇਆ ਹਨ। 'ਮੈਨੂੰ ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ ਕਿ ਵਿਦਿਆਰਥੀ ਮੈਨੂੰ ਕਿਉਂ ਏਨਾ ਪਸੰਦ ਕਰਦੇ ਹਨ ਤਾਂ ਮੇਰਾ ਜਵਾਬ ਹੁੰਦਾ ਹੈ: ਮੇਰੀਆਂ ਘੂਰੀਆਂ ਤੇ ਚੂਰੀਆਂ'। ਉਨ੍ਹਾਂ ਨੇ ਵਿਦਿਆਰਥੀਆਂ ਨਾਲ਼ ਗੁਜ਼ਾਰੇ ਪਲਾਂ ਨੂੰ ਯਾਦ ਕਰਦੇ ਹੋਏ ਜ਼ਿੰਦਗੀਆਂ ਦੀਆਂ ਤਲਖ਼ ਹਕੀਕਤਾਂ ਵੀ ਸਾਂਝੀਆਂ ਕੀਤੀਆਂ। ਇਹ ਵੀ ਦੱਸਿਆ ਕਿ ਭੀੜੀਆਂ ਗਲ਼ੀਆਂ ਵਿੱਚੋਂ ਨਿਕਲਦੇ ਹੋਏ ਮਨ 'ਤੇ ਜੋ ਝਰੀਟਾਂ ਆਉਂਦੀਆਂ ਹਨ ਉਨ੍ਹਾਂ ਨੂੰ ਭਰਨਾ ਬਹੁਤ ਜ਼ਰੂਰੀ ਹੁੰਦਾ ਹੈ। ਹਰ ਆਦਮੀ ਦੇ ਅੰਦਰ ਕੁਝ ਵਹਿਸ਼ੀ ਆਵਾਜ਼ਾਂ ਹੁੰਦੀਆਂ ਹਨ ਜਿਨ੍ਹਾਂ ਦਾ ਨਿਕਲਣਾ ਬਹੁਤ ਜ਼ਰੂਰੀ ਹੁੰਦਾ ਹੈ। ਉਨ੍ਹਾਂ ਦੀ ਵਿੱਲਖਣ ਤੇ ਸਰਲ ਭਾਸ਼ਾ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਫੋਕ ਲੋਰ 'ਤੇ ਪੀ.ਐਚ.ਡੀ. ਕੀਤੀ ਇਸ ਸਫ਼ਰ ਦੌਰਾਨ ਉਨ੍ਹਾਂ ਨੂੰ ਲੋਕਾਂ ਕੋਲ ਜਾਣਾ ਪਿਆ, ਉਨ੍ਹਾਂ ਵਰਗੇ ਬਣਨਾ ਪਿਆ ਅਤੇ ਇਸ ਤਜ਼ਰਬੇ ਵਿੱਚੋਂ ਉਨ੍ਹਾਂ ਦੀ ਭਾਸ਼ਾ ਲੋਕਾਂ ਦੇ ਹਾਣ ਦੀ ਹੋ ਕੇ ਨਿੱਕਲੀ। ਅਮਰੀਕਾ ਵਿੱਚ ਬੱਚਿਆਂ ਦੇ ਪੰਜਾਬੀ ਨਾ ਬੋਲਣ ਦੇ ਕਾਰਣ ਬਾਰੇ ਉਨ੍ਹਾਂ ਮਾਪਿਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਇਹ ਵੀ ਦੱਸਿਆ ਕਿ ਕੈਨੇਡਾ ਵਿੱਚ ਬੱਚੇ ਘਰਾਂ ਵਿੱਚ ਪੰਜਾਬੀ ਹੀ ਬੋਲਦੇ ਹਨ। ਇਹ ਮਾਪਿਆਂ ਵੱਲੋਂ ਕੀਤੇ ਯਤਨਾਂ ਦਾ ਹੀ ਫ਼ਲ ਹੈ। ਅੰਤ ਵਿੱਚ ਲਾਜ ਨੀਲਮ ਸੈਣੀ ਨੇ ਇਹ ਖ਼ੂਬਸੂਰਤ ਪ੍ਰੋਗਰਾਮ ਨੂੰ ਉਲੀਕਣ ਲਈ ਪ੍ਰੋ. ਬਲਜਿੰਦਰ ਸਿੰਘ ਦਾ ਅਤੇ ਦੂਰੋਂ ਨੇੜਿਓਂ ਚੱਲ ਕੇ ਆਉਣ ਲਈ ਸਭਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੈਡਮ ਬਾਰੇ ਸੁਣਿਆਂ ਤਾਂ ਬਹੁਤ ਸੀ ਪਰ ਅੱਜ ਉਨ੍ਹਾਂ ਦੇ ਵਿਚਾਰ ਸੁਣ ਕੇ ਬਹੁਤ ਚੰਗਾ ਲੱਗਿਆ। ਇਹ ਸ਼ਾਮ ਇੱਕ ਖ਼ੂਬਸੂਰਤ ਯਾਦ ਬਣ ਕੇ ਸਾਡੇ ਚੇਤਿਆਂ ਵਿੱਚ ਵਸੀ ਰਹੇਗੀ। ਇਸ ਮਿਲਣੀ ਵਿੱਚ ਹੋਰਨਾਂ ਤੋਂ ਇਲਾਵਾ ਪ੍ਰੋ. ਸੁਖਦੇਵ ਸਿੰਘ, ਦਰਸ਼ਨ ਗਿੱਲ, ਇੰਦਰਜੀਤ ਕੌਰ, ਸੋਨੀਆਂ ਧਾਮੀ, ਹਰਮਿੰਦਰ ਸਿੰਘ, ਸਨਾ ਗਿੱਲ, ਰਵਨੀਤ ਗਿੱਲ, ਇੱਕਬਾਲ ਸਿੰਘ, ਇੰਦਰਜੀਤ ਕੌਰ, ਸਤਿੰਦਰ ਕੌਰ, ਜਸਵੰਤ ਕੌਰ, ਸਤਬੀਰ ਸਿੰਘ, ਗੁਰਵਿੰਦਰ ਕੌਰ, ਸਰਬਜੀਤ ਸਿੰਘ ਗਿੱਲ, ਪਰਮਜੀਤ ਕੌਰ ਗਿੱਲ, ਲਖਵੀਰ ਸਿੰਘ, ਰਵਿੰਦਰ ਕੌਰ ਅਤੇ ਰਵਿੰਦਰ ਸਿੰਘ ਸ਼ਾਮਲ ਸਨ।

# 8ਵਾਂ ਅੰਤਰਰਾਸ਼ਟਰੀ ਫੀਲਡ ਹਾਕੀ ਟੂਰਨਾਮੈਂਟ, ਅਲਬਰਟਾ ਕੱਪ ਸੁਰਿੰਦਰ ਲਾਈਨਜ਼ ਹਾਕੀ ਟੀਮ ਨੇ ਜਿੱਤਿਆ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਵੱਲੋਂ 8ਵਾਂ ਅੰਤਰਰਾਸ਼ਟਰੀ ਫੀਲਡ ਹਾਕੀ ਟੂਰਨਾਮੈਂਟ 30 ਮਈ ਤੋਂ ਪਹਿਲੀ ਜੂਨ ਤੱਕ ਜੈਨਸਿਸ ਸੈਂਟਰ ਵਿੱਚ ਮੁੱਖ ਪਰਬੰਧਕ ਮਨਦੀਪ ਝੱਲੀ ਅਤੇ ਕੰਵਲ ਢਿੱਲੋਂ ਦੀ ਅਗਵਾਈ ਹੇਠ ਐਲਬਰਟਾ ਕੱਪ 2025 ਦੇ ਨਾਮ ਹੇਠ ਆਯੋਜਿਤ ਕੀਤਾ ਗਿਆ। ਇਸ ਟੂਰਨਾਮੈਂਟ ਬਾਰੇ ਜਾਣਕਾਰੀ ਵੀ ਸਾਂਝੀ ਕਰਦੇ ਹੋਏ ਮੁੱਖ ਪ੍ਰਬੰਧਕ ਮਨਦੀਪ ਝੱਲੀ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਟੂਰਨਾਮੈਂਟ ਵਿੱਚ ਕੁੱਲ 30 ਟੀਮਾਂ ਨੇ ਸ਼ਿਰਕਤ ਕੀਤੀ। ਇਹ ਕੈਲਗਰੀ ਵਿੱਚ ਪਹਿਲਾ ਅੰਤਰਰਾਸ਼ਟਰੀ ਟੂਰਨਾਮੈਂਟ ਸੀ, ਜਿਸ ਵਿੱਚ ਪੁਰਸ਼ਾਂ ਦੇ ਡਿਵੀਜ਼ਨ ਵਿੱਚ ਮੈਕਸੀਕੋ, ਅਮਰੀਕਾ ਅਤੇ ਪੂਰੇ ਕੈਨੇਡਾ ਦੀਆਂ ਟੀਮਾਂ ਨੇ ਹਿੱਸਾ ਲਿਆ। ਐਲਬਰਟਾ ਕੱਪ 2025 ਵਿੱਚ ਹਾਕੀ ਦੇ ਨਾਲ ਨਾਲ ਰੱਸਾਕਸ਼ੀ, ਤਾਸ਼ ਸੀਪ, ਗਿੱਧਾ ਭੰਗੜਾ,ਅੰਡਰ 10 ਰੇਸ ਵੀ ਹੋਈ। ਅਲਬਰਟਾ ਕੱਪ ਸੁਰਿੰਦਰ ਲਾਈਨਜ਼ ਹਾਕੀ ਟੀਮ ਨੇ ਯੂਨਾਈਟਿਡ ਫੀਲਡ ਹਾਕੀ ਟੀਮ ਨੂੰ 4-3 ਨਾਲ ਹਰਾ ਕੇ ਜਿੱਤਿਆ। ਅੰਡਰ 16 ਦੇ ਮੁਕਾਬਲੇ ਵਿਚ ਯੂਨਾਈਟਿਡ ਫੀਲਡ ਹਾਕੀ ਜੇਤੂ ਰਹੀ ਜਦੋਂ ਕਿ ਬਰੈਂਪਟਨ ਦੀ ਟੀਮ ਉਪ ਜੇਤੂ ਰਹੀ। ਪਲੇਅਰ ਆਫ਼ ਦਾ ਟੂਰਨਾਮੈਂਟ ਦਿਲਦੀਪ ਸਿੰਘ ਰਿਹਾ। ਤਾਸ਼ ਸੀਪ ਮੁਕਾਬਲੇ ਬਿੱਕਰ ਸਿੰਘ ਸੰਧੂ ਦੀ ਅਗਵਾਈ ਵਿੱਚ ਕਰਵਾਏ ਗਏ ਜਿਸ ਵਿੱਚ 32 ਟੀਮਾਂ ਨੇ ਭਾਗ ਲਿਆ। ਜਿਸ ਵਿੱਚ ਗਗਨਦੀਪ ਸਿੱਧੂ ਅਤੇ ਗੁਰਪ੍ਰੀਤ ਬਰਾੜ ਦੀ ਟੀਮ ਫਸਟ ਰਹੀ। ਯੂਨੀਟਿਡ ਕਮਿਓਨਿਟੀ ਐਵਾਰਡ-2025 ਬਿੱਕਰ ਸਿੰਘ ਸੰਧੂ ਨੂੰ ਦਿੱਤਾ ਗਿਆ।ਰੱਸਾਕਸੀ ਰਾਣਾ ਹੇਅਰ ਵੱਲੋ ਕਰਵਾਏ ਗਏ। ਜਿਸ ਵਿੱਚ 6 ਟੀਮਾਂ ਨੇ ਭਾਗ ਲਿਆ ਸਹੀਦ ਦੀਪ ਸਿੰਘ ਸਿੱਧੂ ਕਲੱਬ ਪਹਿਲੇ ਸਥਾਨ ਰਹੀ।ਇਸ ਤੋਂ ਇਲਾਵਾ ਭੰਗੜੇ ਵਿੱਚ ਜਸ਼ਨ ਗਿੱਲ ਤੇ ਉਸ ਦੀ ਟੀਮ ਨੇ ਲੋਕਾਂ ਦਾ ਦਿਲ ਜਿੱਤਿਆ। ਲੱਕੀ ਡਰਾਅ ਵਿੱਚ ਟੀ ਵੀ ਅਮਨਦੀਪ ਕੌਰ ਨੇ ਜਿੱਤਿਆ। ਅਨਮੋਲ ਝੱਲੀ,ਹਰਕਰਨ ਪਲਾਹਾ,ਸ਼ਾਨ ਬਰਾੜ ਤੇ ਪ੍ਰਭਲੀਨ ਗਰੇਵਾਲ ਨੂੰ ਹਾਕੀ ਵਿੱਚ ਕੀਤੀਆ ਪ੍ਰਾਪਤੀਆਂ ਲਈ ਯੂਨਾਈਟਿਡ ਯੂਥ ਐਵਾਰਡ-2025 ਨਾਲ ਸਨਮਾਨਤ ਕੀਤਾ ਗਿਆ।













# ਜੇਲੋਂ ਭੱਜੀ ਕੈਦਣ ਮੁੜ ਪੁਲਿਸ ਅੜਿੱਕੇ ਆਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਰਹਿਣ ਵਾਲੀ ਇੱਕ ਔਰਤ ਜੋ ਕਿ ਜਾਲੀ ਦਸਤਾਵੇਜ਼ਾਂ ਦੇ ਅਧਾਰ ਤੇ ਜੇਲ ਵਿੱਚੋਂ ਰਿਹਾ ਹੋ ਗਈ ਸੀ ਉਸ ਨੂੰ ਬ੍ਰਿਟਿਸ਼ ਕਲੰਬੀਆ ਸੂਬੇ ਵਿੱਚ ਆਰਸੀਐਮਪੀ ਵੱਲੋਂ ਗਿਰਫਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ 24 ਸਾਲਾਂ ਦੀ ਮੈਕੈਂਜੀ ਡਾਨ ਹਾਰਡੀ ਨੂੰ ਮਾਰਚ ਵਿੱਚ ਰੈਡ ਡੀਅਰ ਆਰਸੀਐਮਪੀ ਵੱਲੋਂ ਕਈ ਮਾਮਲਿਆਂ ਅਧੀਨ ਗ੍ਰਿਫਿਤਾਰ ਕੀਤਾ ਗਿਆ ਸੀ ਜਿਸ ਵਿੱਚ ਚੋਰੀ ਦਾ ਸਮਾਨ, ਖਤਰਨਾਕ ਡਰਾਈਵਿੰਗ, ਪੁਲਿਸ ਤੋਂ ਬਚ ਕੇ ਫਰਾਰ ਹੋਣਾ ਅਤੇ ਬਿਨਾਂ ਇਨਸ਼ੋਰੈਂਸ ਅਤੇ ਰਜਿਸਟਰੇਸ਼ਨ ਦੇ ਡਰਾਈਵਿੰਗ ਕਰਨਾ ਆਦਿ ਸ਼ਾਮਿਲ ਸੀ। ਇਹ ਮਹਿਲਾ 25 ਅਪ੍ਰੈਲ ਨੂੰ ਧੋਖਾਧੜੀ ਦੇ ਨਾਲ ਜੇਲ ਤੋਂ ਰਿਹਾ ਹੋ ਗਈ ਸੀ ਇਸ ਤਰ੍ਹਾਂ ਰਿਹਾ ਹੋਣ ਤੋਂ ਬਾਅਦ ਇਸ ਔਰਤ ਵੱਲੋਂ ਸੋਸ਼ਲ ਮੀਡੀਆ ਤੇ ਇੱਕ ਵੀਡੀ-ਪੋਸਟ ਪਾਈ ਗਈ ਸੀ ਜਿਸ ਵਿੱਚ ਉਸਨੇ ਆਖਿਆ ਸੀ ਕਿ ਮੈਂ ਸਰਕਾਰ ਨੂੰ ਧੋਖਾ ਦੇ ਕੇ ਜੇਲ ਵਿੱਚੋਂ ਬਚ ਆਈ ਹਾਂ ਤੇ ਪੁਲਿਸ ਮੈਨੂੰ ਗ੍ਰਿਫਤਾਰ ਨਹੀਂ ਕਰ ਸਕਦੀ ਕਿਉਂਕਿ ਮੈਂ ਉਹਨਾਂ ਤੋਂ ਇੱਕ ਕਦਮ ਅੱਗੇ ਹਾਂ। ਉਹਨਾਂ ਨਾਲੋਂ ਤੇਜ਼ ਹਾਂ। ਉਸ ਤੋਂ ਬਾਅਦ ਇੱਕ ਹੋਰ ਵੀਡੀ- ਉਸਨੇ ਪਾਈ ਸੀ ਜਿਸ ਵਿੱਚ ਉਸਨੇ ਆਖਿਆ ਕਿ ਉਸਦੇ ਪ੍ਰੇਮੀ ਨੂੰ ਕੈਂਸਰ ਹੋਣ ਕਾਰਨ ਸਿਰਫ ਇੱਕ ਸਾਲ ਦੀ ਜ਼ਿੰਦਗੀ ਦਾ ਵਕਤ ਮਿਲਿਆ ਹੈ ਅਤੇ ਮੇਰੀ ਰਿਹਾਈ ਰੱਬ ਦਾ ਤੋਹਫਾ ਹੈ ਅਤੇ ਮੈਂ ਉਸ ਵਕਤ ਰਿਹਾਅ ਹੋਈ ਹਾਂ ਜਦੋਂ ਉਸ ਨੂੰ ਮੇਰੀ ਸਭ ਤੋਂ ਜਿਆਦਾ ਜਰੂਰਤ ਸੀ। ਇਸ ਦੇ ਨਾਲ ਹੀ ਇਸ ਔਰਤ ਨੇ ਆਖਿਆ ਸੀ ਕਿ ਮੈਂ ਨਿਆ ਪ੍ਰਣਾਲੀ ਤੋਂ ਨਹੀਂ ਭੱਜ ਰਹੀ ਬਲਕਿ ਮੈਂ ਜ਼ਿੰਦਗੀ ਲਈ ਭੱਜ ਰਹੀ ਹਾਂ ਜੋ ਕਿ ਖ਼ਿਸਕਦੀ ਜਾ ਰਹੀ ਹੈ। ਜਾਂਚ ਉਪਰੰਤ ਇਹ ਪਤਾ ਲੱਗਾ ਸੀ ਕਿ ਇਸ ਔਰਤ ਨੂੰ ਜੇਲ ਚੋਂ ਕੱਢਣ ਲਈ ਉਸਦੇ 27 ਸਾਲਾ ਪ੍ਰੇਮੀ ਡੇਵਿਡ ਜੋਸਫ ਵੁਡ ਦਾ ਹੱਥ ਸੀ। 23 ਮਈ ਨੂੰ ਉਸਦੇ ਵੀ ਵਰੰਟ ਜਾਰੀ ਕੀਤੇ ਗਏ ਸਨ ਜਿਸ ਤੋਂ ਬਾਅਦ ਹੁਣ ਬ੍ਰਿਟਿਸ਼ ਕਲੰਬੀਆ ਦੇ ਰੈਵਲਸਟੋਕ ਵਿੱਚ ਆਰਸੀਐਮਪੀ ਨੇ ਦੋਹਾਂ ਨੂੰ ਪਹਿਚਾਣਦਿਆ ਉਸ ਸਮੇ ਗ੍ਰਿਫਤਾਰ ਕੀਤਾ ਜਦੋਂ ਉਹ ਇੱਕ ਚੋਰੀ ਦੇ ਵਾਹਨ 'ਤੇ ਜਾ ਰਹੇ ਸਨ।

## ਟੈਰਿਫ ਰੈਵਨਿਊ ਕਿੱਥੇ ਐ ? ਐਡਰਿਊ ਸ਼ੀਅਰ ਨੇ ਪੁੱਛਿਆ!

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਹਾਊਸ ਆਫ ਕਾਮਨਜ਼ ਦੇ ਸੈਸ਼ਨ ਦੇ ਪਹਿਲੇ ਪ੍ਰਸ਼ਨ ਕਾਲ ਦੇ ਦੌਰਾਨ ਮੁੱਖ ਵਿਰੋਧੀ ਧਿਰ ਕੰਜ਼ਰਵਟਿਵ ਪਾਰਟੀ ਦੇ ਅੰਤਰਿਮ ਲੀਡਰ ਐਂਡ੍ਰਿਊ ਸ਼ੀਅਰ ਵੱਲੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਆਰਥਿਕਤਾ ਦੇ ਮੁੱਦੇ ਤੇ ਘੇਰਨ ਦਾ ਯਤਨ ਕੀਤਾ ਗਿਆ ਹਾਲਾਂਕਿ ਪੁੱਛੇ ਗਏ ਸਵਾਲਾਂ ਅਤੇ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਜਵਾਬਾਂ ਦੇ ਦੌਰਾਨ ਦੋਹਾਂ ਆਗੂਆਂ ਦੇ ਚਿਹਰਿਆਂ ਤੇ ਮੁਸਕਰਾਹਟ ਹੀ ਨਜ਼ਰ ਆਈ। ਇਸ ਦੌਰਾਨ ਐਂਡ੍ਰਿਊ ਸ਼ੀਅਰ ਵੱਲੋਂ ਇਹ ਦਾਅਵਾ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਅਮਰੀਕਾ ਦੇ ਉੱਪਰ ਬਰਾਬਰ ਦੇ ਟੈਰਿਫ ਲਗਾਉਣ ਦਾ ਐਲਾਨ ਲੋਕਾਂ ਦੇ ਸਾਹਮਣੇ ਕੀਤਾ ਗਿਆ ਸੀ ਜਦੋਂ ਕਿ ਉਹਨਾਂ ਵੱਲੋਂ ਚੁੱਪ ਚੁਪੀਤੇ ਇਹ ਟੈਰਿਫ ਹਟਾ ਲਏ ਗਏ ਹਨ ।ਉਹਨਾਂ ਆਖਿਆ ਕਿ ਮਾਰਕ ਕਾਰਨੀ ਵੱਲੋਂ ਇਹ ਦਾਅਵਾ ਕੀਤਾ ਗਿਆ ਸੀ ਕਿ ਅਮਰੀਕਾ ਤੇ ਲਗਾਏ ਟੈਰੀਫ਼ਾਂ ਨਾਲ 20 ਬਿਲੀਅਨ ਡਾਲਰ ਦਾ ਰੈਵੇਨਿਊ ਆਵੇਗਾ ਪਰ ਉਹ ਰੈਵੇਨਿਊ ਕਿੱਥੇ ਹੈ ਇਸ ਬਾਰੇ ਪਤਾ ਨਹੀਂ । ਜਿਸ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਮਾਰਕਕਾਰਨੀ ਨੇ ਆਖਿਆ ਕਿ ਕੈਨੇਡਾ ਨੇ ਜੋ ਟੈਰਿਫ ਲਗਾਏ ਹਨ ਉਸ ਦਾ ਜਿਆਦਾ ਅਸਰ ਅਮਰੀਕਾ ਤੇ ਪਿਆ ਹੈ ਨਾ ਕਿ ਕੈਨੇਡਾ ਉੱਪਰ, ਉਹਨਾਂ ਆਖਿਆ ਕਿ ਇਨਾ ਟੈਰਿਫਾਂ ਤੋਂ ਮਿਲਿਆ ਰੈਵੇਨਿਊ ਕੈਨੇਡਾ ਦੇ ਵਰਕਰਾਂ ਉੱਪਰ ਖਰਚ ਕੀਤਾ ਜਾਵੇਗਾ।

## ਪ੍ਰਧਾਨ ਮੰਤਰੀ ਅਤੇ ਸੂਬਿਆਂ ਦੇ ਪ੍ਰੀਮੀਅਰਾਂ ਦੀ ਮੀਟਿੰਗ ਹੋਈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸਾਰੇ ਸੂਬਿਆਂ ਦੇ ਪ੍ਰੀਮੀਅਰਾਂ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਿਚਾਲੇ ਸਸਕੈਚਵਨ ਦੇ ਸੈਸਕਾਟੂਨ ਵਿੱਚ ਇੱਕ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਦਾ ਮਕਸਦ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਵਪਾਰਕ ਜੰਗ ਦੇ ਚਲਦਿਆਂ ਕੈਨੇਡਾ ਨੂੰ ਇੱਕ ਮਜਬੂਤ ਅਤੇ ਇੱਕਜੁੱਟ ਦੇਸ਼ ਬਣਾਉਣਾ ਸੀ। ਇਸ ਮੌਕੇ ਤੇ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਖਿਆ ਕਿ ਅਮਰੀਕਾ ਦੇ ਨਾਲ ਲੰਬਾ ਸਮਾਂ ਪਹਿਲਾਂ ਜੋ ਵਪਾਰਕ ਸਮਝੌਤਾ ਹੋਇਆ ਸੀ ਜੋ ਕਿ ਦੋਹਾਂ ਦੇਸ਼ਾਂ ਲਈ ਬਹੁਤ ਹੀ ਲਾਭਦਾਇਕ ਸੀ, ਉਹ ਹੁਣ ਖਤਮ ਹੋ ਚੁੱਕਾ ਹੈ। ਉਨਾਂ ਆਖਿਆ ਕਿ ਕੈਨੇਡਾ ਨੂੰ ਆਰਥਿਕ ਤੌਰ ਤੇ ਮਜਬੂਤ ਬਣਾਉਣ ਲਈ ਸੂਬਿਆਂ ਵਿਚਾਲੇ ਫਰੀ ਟਰੇਡ ਸ਼ੁਰੂ ਕਰਨ ਦੇ ਮਕਸਦ ਨਾਲ ਜਲਦੀ ਹੀ ਸਾਰੀਆਂ ਫੈਡਰਲ ਰੋਕਾਂ ਖਤਮ ਕਰਨ ਲਈ ਪਾਰਲੀਮੈਂਟ ਵਿੱਚ ਬਿੱਲ ਪੇਸ਼ ਕੀਤਾ ਜਾਵੇਗਾ ਤਾਂ ਕਿ ਕੈਨੇਡਾ ਭਰ ਦੇ ਸੂਬਿਆਂ ਨੂੰ ਆਪਸੀ ਵਪਾਰ ਅਤੇ ਇੱਕਜੁੱਟ ਕੈਨੇਡਾ ਦੀ ਉਸਾਰੀ ਵਿੱਚ ਕਿਸੇ ਤਰ੍ਹਾਂ ਦੀ ਕਿਸੇ ਅੜਚਣ ਦਾ ਸਾਹਮਣਾ ਨਾ ਕਰਨਾ ਪਵੇ।

## ਲੀਡਰਾਂ ਦੀਆਂ ਤਨਖਾਹਾਂ ਵਧੀਆਂ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਓਟਾਰੀਓ ਸਰਕਾਰ ਦੁਆਰਾ ਸਾਰੇ ਐਮਪੀਪੀਜ ਯਾਨੀ ਮੈਂਬਰਜ਼ ਆਫ ਪ੍ਰੋਵਿਨਸ਼ਅਲ ਪਾਰਲੀਮੈਂਟ ਦੀਆਂ ਤਨਖਾਹਾਂ ਵਿਚ 35 ਫੀਸਦੀ ਦਾ ਵਾਧਾ ਕੀਤਾ ਹੈ ਇਹ ਵਾਧਾ 16 ਸਾਲ ਲਗਾਤਾਰ ਤਨਖਾਹਾਂ ਵਿੱਚ ਵਾਧੇ ਨੂੰ ਫਰੀਜ ਰੱਖਣ ਤੋਂ ਬਾਅਦ ਆਇਆ ਹੈ। ਇਸ ਸਬੰਧੀ ਵਿੱਤ ਮੰਤਰੀ ਪੀਟਰ ਬੈਥਨਫਾਲਵੀ ਵੱਲੋਂ ਵਿਧਾਨ ਸਭਾ ਵਿੱਚ ਬਿੱਲ ਪੇਸ਼ ਕੀਤਾ ਗਿਆ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਾਲ 2009 ਦੇ ਵਿੱਚ ਉਸ ਵਕਤ ਦੀ ਡੈਲਟਨਟੀ ਦੀ ਅਗਵਾਈ ਵਾਲੀ ਫੈਡਰਲ ਸਰਕਾਰ ਲਿਬਰਲ ਸਰਕਾਰ ਵੱਲੋਂ ਵਾਧਾ ਕੀਤਾ ਗਿਆ ਸੀ ਅਤੇ ਹੁਣ ਜਦੋਂ ਇਹ ਬਿੱਲ ਪੇਸ਼ ਕੀਤਾ ਗਿਆ ਤਾਂ ਸਾਰੀਆਂ ਹੀ ਪਾਰਟੀਆਂ ਦੇ ਐਮਪੀਪੀਜ਼ ਵੱਲੋਂ ਇਸ ਦਾ ਸਮਰਥਨ ਕੀਤਾ ਗਿਆ।

# ਮਾਰਕ ਕਾਰਨੀ ਨੇ ਕੈਲਗਰੀ ਵਿੱਚ ਤੇਲ ਅਤੇ ਗੈਸ ਕਾਰਜਕਾਰੀਆਂ ਨਾਲ ਭਾਈਵਾਲੀ 'ਤੇ ਚਰਚਾ ਕੀਤੀ



ਕੈਲਗਰੀ, (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬੀਤੇ ਐਤਵਾਰ ਨੂੰ ਕੈਲਗਰੀ ਵਿੱਚ ਤੇਲ ਅਤੇ ਗੈਸ ਕਾਰਜਕਾਰੀਆਂ ਨਾਲ ਭਾਈਵਾਲੀ 'ਤੇ ਚਰਚਾ ਕਰਨ ਅਤੇ ਕੈਨੇਡਾ ਨੂੰ ਊਰਜਾ ਮਹਾਂਸ਼ਕਤੀ ਬਣਾਉਣ ਦੀਆਂ ਆਪਣੀਆਂ ਯੋਜਨਾਵਾਂ ਲਈ ਉਨ੍ਹਾਂ ਦੇ ਸੁਝਾਅ ਲੈਣ ਲਈ ਚਰਚਾ ਕੀਤੀ। ਮਾਰਕ ਕਾਰਨੀ, ਪ੍ਰਧਾਨ ਮੰਤਰੀ ਵੱਜੋਂ ਸਹੁੰ ਚੁੱਕਣ ਤੋਂ ਬਾਅਦ ਕੈਲਗਰੀ ਦੇ ਆਪਣੇ ਪਹਿਲੇ ਦੌਰੇ 'ਤੇ ਆਏ ਸਨ। ਹਾਜ਼ਰੀਨ ਵਿੱਚ ਟੂਰਮਾਲਾਈਨ ਆਇਲ ਦੇ ਸੀਈਓ ਮਾਈਕਲ ਰੋਜ਼, ਪਾਥਵੇਅਜ਼ ਅਲਾਇੰਸ ਦੇ ਪ੍ਰਧਾਨ ਕੇਂਡਲ ਡਿਲਿੰਗ, ਏਟੀਸੀਓ ਦੇ ਸੀਈਓ ਨੈਨਸੀ ਸਾਊਦਰਨ, ਇੰਪੀਰੀਅਲ ਆਇਲ ਦੇ ਪ੍ਰਧਾਨ ਜੌਨ ਵ੍ਹੀਲਨ ਅਤੇ ਸੇਨੋਵਸ ਐਨਰਜੀ ਦੇ ਪ੍ਰਧਾਨ ਜੌਨ ਮੈਕਕੇਂਜ਼ੀ ਸ਼ਾਮਿਲ ਸਨ। ਕਾਰਨੀ ਨੇ ਕਿਹਾ ਕਿ ਉਹ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਨ, ਜਿਨ੍ਹਾਂ ਨੇ ਇੱਕ ਮਹੀਨਾ ਪਹਿਲਾਂ ਉਨ੍ਹਾਂ ਨੂੰ ਸਿੱਧਾ ਲਿਖਿਆ ਸੀ ਅਤੇ ਉਨ੍ਹਾਂ ਨੂੰ ਲੱਗਾ ਕਿ ਮੁੱਦਿਆਂ ਦੀ ਮਹੱਤਤਾ ਨੂੰ ਦੇਖਦਿਆਂ ਪੱਤਰਾਂ ਦੇ ਆਦਾਨ-ਪ੍ਰਦਾਨ ਨਾਲੋਂ ਇਕੱਠੇ ਹੋ ਕੇ ਇਸ ਬਾਰੇ ਵਧੇਰੇ ਵਿਸਥਾਰ ਵਿੱਚ ਚਰਚਾ ਕਰਨਾ ਸਭ ਤੋਂ ਵਧੀਆ ਹੋਵੇਗਾ।
ਕੈਨੇਡੀਅਨ ਊਰਜਾ ਕੰਪਨੀਆਂ ਦੇ 38 ਸੀਈ5 ਨੇ ਕਾਰਨੀ ਨੂੰ ਜਿੱਤ 'ਤੇ ਵਧਾਈ ਦੇਣ ਵਾਲੇ ਇੱਕ ਪੱਤਰ @ਤੇ ਦਸਤਖ਼ਤ ਕੀਤੇ ਅਤੇ ਨੀਤੀਗਤ ਉਪਾਅ ਪੇਸ਼ ਕੀਤੇ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਬਣਾਉਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਵਿੱਚ ਮੱਦਦ ਕਰਨਗੇ। ਇਸ ਵਿੱਚ ਤੇਲ ਅਤੇ ਗੈਸ ਉਤਪਾਦਕਾਂ 'ਤੇ ਫੈਡਰਲ ਨਿਕਾਸ ਪਾੜੇ ਨੂੰ ਖ਼ਤਮ ਕਰਨਾ ਅਤੇ ਉਦਯੋਗ ਨੂੰ ਮਜ਼ਬੂਤ ਕਰਨ ਵਿੱਚ ਮੱਦਦ ਕਰਨ ਲਈ ਉਦਯੋਗਿਕ ਕਾਰਬਨ ਕੀਮਤ ਨੂੰ ਰੱਦ ਕਰਨਾ ਸ਼ਾਮਿਲ ਹੋਵੇਗਾ।
ਸੀਈ5 ਇੰਪੈਕਟ ਅਸੈਸਮੈਂਟ ਐਕਟ ਵਿੱਚ ਸੁਧਾਰ ਚਾਹੁੰਦੇ ਹਨ, ਜੋ ਵੱਡੇ ਪ੍ਰਾਜੈਕਟਾਂ ਦਾ ਮੁਲਾਂਕਣ ਕਰਨ ਦੀ ਪ੍ਰਕਿਰਆ ਨਿਰਧਾਰਤ ਕਰਦਾ ਹੈ ਅਤੇ ਤੇਲ ਟੈਂਕਰ ਮੋਰੇਟੋਰੀਅਮ ਐਕਟ, ਜੋ ਬ੍ਰਿਟਸ਼ ਕੋਲੰਬੀਆ ਦੇ ਤੱਟਰੇਖਾ ਦੇ ਕੁੱਝ ਹਿੱਸਿਆਂ 'ਤੇ 12,500 ਮੀਟ੍ਰਿਕ ਟਨ ਤੋਂ ਵੱਧ ਕੱਚੇ ਤੇਲ ਨੂੰ ਲੈ ਕੇ ਜਾਣ ਵਾਲੇ ਤੇਲ ਟੈਂਕਰਾਂ ਨੂੰ ਰੋਕਣ 'ਤੇ ਪਾਬੰਦੀ ਲਗਾਉਂਦਾ ਹੈ। ਫੈਡਰਲ ਸਰਕਾਰ ਨੇ ਪਿਛਲੇ ਸਾਲ ਦੇ ਅਖੀਰ ਵਿੱਚ ਆਪਣੇ ਪ੍ਰਸਤਾਵਿਤ ਨਿਕਾਸ ਸੀਮਾ ਨਿਯਮਾਂ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਇਹ ਸਾਡੇ ਦੇਸ਼ ਲਈ ਇੱਕ ਨਾਜ਼ੁਕ ਸਮਾਂ ਹੈ। ਦੁਨੀਆ ਨਿਸ਼ਚਤ ਤੌਰ 'ਤੇ ਵਧੇਰੇ ਵੰਡੀ ਹੋਈ ਅਤੇ ਖਤਰਨਾਕ ਹੈ ਅਤੇ ਕੈਨੇਡਾ ਨੂੰ ਹਰ ਪੱਖੋਂ ਊਰਜਾ ਮਹਾਂਸ਼ਕਤੀ ਬਣਾਉਣ ਦੀ ਜ਼ਰੂਰਤ ਕਦੇ ਵੀ ਵੱਡੀ ਨਹੀਂ ਰਹੀ। ਅਸੀਂ ਉਨ੍ਹਾਂ ਭਾਈਵਾਲੀ ਦਾ ਸਮਰਥਨ ਕਰਨ ਲਈ ਫੈਡਰਲ ਸਰਕਾਰ ਦੇ ਪੱਧਰ 'ਤੇ ਹਰ ਸੰਭਵ ਕੋਸ਼ਿਸ਼ ਕਰਾਂਗੇ। ਕਾਰਨੀ ਨੇ ਐਤਵਾਰ ਨੂੰ ਰਾਸ਼ਟਰੀ ਰੱਖਿਆ ਵਿਭਾਗ, ਮੈਨੀਟੋਬਾ, ਸਸਕੈਚਵਨ ਅਤੇ ਅਲਬਰਟਾ ਪ੍ਰਾਂਤਾਂ, ਅਤੇ ਵਿਆਪਕ ਜੰਗਲੀ ਅੱਗਾਂ ਨਾਲ ਲੜਨ ਅਤੇ ਵੱਡੇ ਪੱਧਰ 'ਤੇ ਨਿਕਾਸੀ ਦੇ ਤਾਲਮੇਲ ਵਿੱਚ ਸ਼ਾਮਿਲ ਵਲੰਟੀਅਰਾਂ ਦਾ ਧੰਨਵਾਦ ਕੀਤਾ।

# ਆਪਿਸੀ ਛੁਰੇਬਾਜ਼ੀ ਵਿੱਚ ਪੰਜ ਜਖ਼ਮੀ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸੋਮਵਾਰ ਵਾਲੇ ਦਿਨ ਵਿਨੀਪੈਗ ਦੇ ਨੌਰਥ ਐਂਡ ਇਲਾਕੇ ਵਿੱਚ ਵਾਪਰੀ ਛੁਰੇਬਾਜੀ ਦੀ ਇੱਕ ਘਟਨਾ ਵਿੱਚ ਪੰਜ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ। ਪੁਲਿਸ ਨੂੰ ਸਵੇਰੇ 4 ਵਜੇ ਦੇ ਕਰੀਬ ਮਾਊਂਟੇਨ ਐਵਨਿਊ ਦੇ 500 ਬਲਾਕ ਵਿਖੇ ਬੁਲਾਇਆ ਗਿਆ ਅਤੇ ਦੱਸਿਆ ਗਿਆ ਕਿ ਉੱਥੇ ਦੋ ਵਿਅਕਤੀ ਜ਼ਖਮੀ ਪਏ ਹਨ। ਪਰ ਪੁਲਿਸ ਜਦੋਂ ਉੱਥੇ ਪਹੁੰਚੀ ਤਾਂ ਉੱਥੇ ਪੰਜ ਲੋਕ ਜ਼ਖਮੀ ਹਾਲਤ ਦੇ ਵਿੱਚ ਪਏ ਸਨ ਜਿਨਾਂ ਦੇ ਸੱਟਾਂ ਲੱਗੀਆਂ ਹੋਈਆਂ ਸਨ। ਉਹਨਾਂ ਨੂੰ ਹਸਪਤਾਲ ਵਿੱਚ ਦਾਖਿਲ ਕਰਵਾਇਆ ਗਿਆ ਜਿਨਾਂ ਵਿੱਚੋਂ ਤਿੰਨ ਦੀ ਹਾਲਤ ਸਥਿਰ ਸੀ ਪਰ ਦੋ ਦੀ ਹਾਲਤ ਜਿਆਦਾ ਬੁਰੀ ਸੀ ਪਰ ਬਾਅਦ ਵਿੱਚ ਸਭ ਦੀ ਹਾਲਾਤ ਠੀਕ ਠਾਕ ਅੱਪਡੇਟ ਕਰ ਦਿੱਤੀ ਗਈ। ਮੇਜਰ ਕ੍ਰਾਈਮ ਯੂਨਿਟ ਵੱਲੋਂ ਇਸ ਘਟਨਾ ਦੀ ਇਨਵੈਸਟੀਗੇਸ਼ਨ ਜਾਰੀ ਹੈ। ਪੁਲਿਸ ਨੇ ਆਖਿਆ ਹੈ ਕਿ ਘਟਨਾ ਮਗਰੋਂ ਆਮ ਪਬਲਿਕ ਨੂੰ ਕੋਈ ਖਤਰਾ ਨਹੀਂ ਹੈ। ਮੁੱਢਲੀ ਜਾਣਕਾਰੀ ਅਨੁਸਾਰ ਇਹ ਘਟਨਾ ਕੁੱਝ ਲੋਕਾਂ ਦੇ ਆਪਸ ਵਿੱਚ ਲੜਨ ਕਾਰਨ ਵਾਪਰੀ ਸੀ।

# ਬਾਹਰੋਂ ਬਾਹਰੀ ਲੜਦੇ, ਲੱਗਦੈ ਅੰਦਰੋਂ ਇਹ ਲੀਡਰ ਵੀ ਇੱਕੋ ਈ ਨੇ!

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨ ਜਦੋਂ ਕਿੰਗ ਚਾਰਲਸ ਵੱਲੋਂ ਕੈਨੇਡਾ ਦੀ ਨਵੀਂ ਸਰਕਾਰ ਦੀ ਤਰਫੋਂ ਥਰੋਨ ਸਪੀਚ ਦਿੱਤੀ ਗਈ ਸੀ ਤਾਂ ਇਸ ਤਰਾਂ ਇਹ ਵੀ ਖਬਰਾਂ ਆਈਆਂ ਹਨ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਜੋ ਕਿ ਕੰਜ਼ਰਵਟਿਵ ਪਾਰਟੀ ਨਾਲ ਸੰਬੰਧਿਤ ਹਨ ਨਾਲ ਇੱਕ ਪ੍ਰਾਈਵੇਟ ਮੀਟਿੰਗ ਕੀਤੀ ਗਈ ਸੀ। ਇਸ ਸੰਬੰਧੀ ਕੁੱਝ ਭਰੋਸੇ ਯੋਗ ਸੂਤਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਤਾਂ ਜਰੂਰ ਹੈ ਕਿ ਦੋਹਾਂ ਆਗੂਆਂ ਵਿਚਾਲੇ ਮੀਟਿੰਗ ਹੋਈ ਹੈ ਪਰ ਇਹ ਨਹੀਂ ਪਤਾ ਕਿ ਦੋਹਾਂ ਵਿਚਾਲੇ ਗੱਲਬਾਤ ਕੀ ਹੋਈ। ਵਰਨਣਯੋਗ ਹੈ ਕਿ ਚੋਣ ਮੁਹਿੰਮ ਦੇ ਦੌਰਾਨ ਸਟੀਫਨ ਹਾਰਪਰ ਅਤੇ ਮਾਰਕ ਕਾਰਨੀ ਦੇ ਸੰਬੰਧਾਂ ਬਾਰੇ ਲਗਾਤਾਰ ਚਰਚਾ ਹੁੰਦੀ ਰਹੀ ਹੈ। ਮਾਰਕਕਾਰਨੀ ਬੈਂਕ ਆਫ ਕੈਨੇਡਾ ਦੇ ਫਰਵਰੀ 2008 ਤੋਂ ਲੈ ਕੇ ਜੂਨ 2013 ਤੱਕ ਗਵਰਨਰ ਰਹੇ ਹਨ ਜਦੋਂ ਸਟੀਫਨ ਹਾਰਪਰ ਪ੍ਰਧਾਨ ਮੰਤਰੀ ਸਨ ਅਤੇ ਦੋਹਾਂ ਨੇ 2008 ਦੇ ਵਿੱਤੀ ਸੰਕਟ ਦਾ ਸਾਹਮਣਾ ਕੀਤਾ ਸੀ ਹਾਲਾਂਕਿ ਚੋਣ ਪ੍ਰਚਾਰ ਦੇ ਦੌਰਾਨ ਸਟੀਫਨ ਹਾਰਪਰ ਇਹ ਕਹਿੰਦੇ ਰਹੇ ਮਾਰਕ ਕਾਰਨੀ ਇਹ ਦਾਅਵਾ ਕਰਦੇ ਹਨ ਕਿ ਉਹ ਵਿੱਤੀ ਸੰਕਟ ਨਾਲ ਨਜਿੱਠਣ ਲਈ ਬਹੁਤ ਕੰਮ ਕਰਦੇ ਰਹੇ ਹਨ ਪਰ ਉਹਨਾਂ ਜਾਂ ਤਾਂ ਬਹੁਤ ਥੋੜਾ ਕੰਮ ਕੀਤਾ ਜਾਂ ਕੁਝ ਵੀ ਨਹੀਂ ਕੀਤਾ ਸੀ। ਹਾਲਾਂਕਿ ਮਾਰਕ ਕਾਰਨੀ ਹੀ ਵੱਲੋਂ ਇਸ ਦੇ ਜਵਾਬ ਵਿੱਚ ਆਖਿਆ ਗਿਆ ਸੀ ਕਿ 2012 ਵਿੱਚ ਉਹਨਾਂ ਨੂੰ ਕਈ ਅਹੁਦਿਆਂ ਦੀ ਪੇਸ਼ਕਸ਼ ਸਟੀਫਨ ਹਾਰਪਰ ਵੱਲੋਂ ਹੋਈ ਸੀ ਜਿਸ ਵਿੱਚ ਉਹਨਾਂ ਨੂੰ ਵਿੱਤ ਮੰਤਰੀ ਬਣਾਉਣ ਦੀ ਪੇਸ਼ਕਸ਼ ਵੀ ਸ਼ਾਮਿਲ ਸੀ।

## 'ਫ਼ਲਸਤੀਨ ਨੂੰ ਆਜ਼ਾਦ ਕਰੋ' ਦਾ ਨਾਅਰਾ ਲਾਉਂਦੇ ਹੋਏ ਇਜ਼ਰਾਇਲੀ ਸਮੂਹ 'ਤੇ 'ਪੈਟਰੋਲ ਬੰਬ' ਸੁੱਟਿਆ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਕੋਲਰਾਟੋ ਸੂਬੇ ਦੇ ਵਿੱਚ ਬੋਲਡਰ ਸ਼ਹਿਰ ਦੇ ਵਿੱਚ ਫਰੀ ਫਲਸਤੀਨ ਦਾ ਨਾਅਰਾ ਲਗਾਉਂਦੇ ਹੋਏ ਇੱਕ ਆਦਮੀ ਨੇ ਕੁੱਝ ਲੋਕਾਂ 'ਤੇ ਪੈਟਰੋਲ ਬੰਬ ਨਾਲ ਹਮਲਾ ਕੀਤਾ ਜਿਸ ਕਾਰਣ ਮੌਕੇ ਤੇ ਅੱਗ ਲੱਗ ਗਈ ਅਤੇ ਸੇਕ ਦੀ ਲਪੇਟ ਵਿੱਚ ਅੱਠ ਲੋਕ ਝੁਲਸ ਗਏ। ਇਸ ਘਟਨਾ ਦਾ ਵੀਡੀ- ਵਿੱਚ ਪੈਟਰੋਲ ਬੰਬ ਨੂੰ ਲੋਕਾਂ ਤੇ ਸੁੱਟਦਾ ਦਿਖਾਈ ਦੇ ਰਿਹਾ ਹੈ। ਇਹ ਹਮਲਾ ਰਨ ਫੋਰ ਦਾ ਈਅਰ ਲਾਈਵਸ ਨਾਮ ਦੇ ਇੱਕ ਗਰੁੱਪ ਦੀ ਮੀਟਿੰਗ ਦੇ ਦੌਰਾਨ ਹੋਇਆ । ਇਹ ਗਰੁੱਪ ਗਾਜ਼ਾਂ ਦੇ ਵਿੱਚ ਹਮਾਸ ਦੀ ਕੈਦ ਦੇ ਵਿੱਚ ਮੌਜੂਦ ਇਜਰਾਇਲੀ ਨਾਗਰਿਕਾਂ ਦੀ ਰਿਹਾਈ ਦੀ ਮੰਗ ਕਰ ਰਿਹਾ ਸੀ। ਪੁਲਿਸ ਨੇ ਇਸ ਸ਼ਖਸ ਨੂੰ ਮੌਕੇ ਤੇ ਹੀ ਗ੍ਰਿਫਤਾਰ ਕੀਤਾ ਅਤੇ ਦੋਸ਼ੀ ਦੀ ਪਹਿਚਾਣ 45 ਸਾਲਾਂ ਮੁਹੰਮਦ ਸਾਬਰੀ ਸੁਲੀਮਾਨ ਦੇ ਰੂਪ ਵਿੱਚ ਹੋਈ ਹੈ।

## 13 ਸਾਲਾ ਮੁਛੋਹਰ ਨੇ ਬਜ਼ੁਰਗ ਔਰਤ ਮਾਰ ਸੁੱਟੀ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਇੱਕ 13 ਸਾਲਾਂ ਦੇ ਲੜਕੇ ਨੇ ਇੱਕ ਬਜ਼ੁਰਗ ਮਹਿਲਾ ਦੀ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਉਸ ਦਿਨ ਬਾਅਦ ਦੁਪਹਿਰ 3 ਵਜੇ ਇੱਕ ਬਜ਼ੁਰਗ ਮਹਿਲਾ ਉੱਪਰ ਇੱਕ ਲੜਕੇ ਵੱਲੋਂ ਹਮਲਾ ਕਰ ਦਿੱਤਾ ਗਿਆ ,ਹਾਲਾਂਕਿ ਇਹ ਮਹਿਲਾ ਉਸ ਲੜਕੇ ਨੂੰ ਜਾਣਦੀ ਤੱਕ ਨਹੀਂ ਸੀ। ਗੰਭੀਰ ਜ਼ਖਮੀ ਹਾਲਤ ਵਿੱਚ ਇਸ ਮਹਿਲਾ ਨੂੰ ਟੋਰੋਂਟੋ ਖੇਤਰ ਦੇ ਇੱਕ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਉਹ ਜਖਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਦਮ ਤੋੜ ਗਈ। ਇਸ ਹੱਤਿਆ ਉਪਰੰਤ ਪੁਲਿਸ ਵੱਲੋਂ ਐਮਰਜੈਂਸੀ ਅਲਰਟ ਜਾਰੀ ਕੀਤਾ ਗਿਆ ਜਿਸ ਤੋਂ ਬਾਅਦ ਪੁਲਿਸ ਨੇ ਇਸ 13 ਸਾਲਾ ਲੜਕੇ ਨੂੰ ਗਿਰਫਤਾਰ ਕਰ ਲਿਆ ਹੈ। ਇੱਕ 13 ਸਾਲ ਦੇ ਲੜਕੇ ਵੱਲੋਂ ਇੱਕ ਬਜ਼ੁਰਗ ਮਹਿਲਾ ਨੂੰ ਜਿਸ ਨੂੰ ਹੁਣ ਜਾਣ ਦਾ ਵੀ ਨਹੀਂ ਸੀ ਦੀ ਹੱਤਿਆ ਤੋਂ ਬਾਅਦ ਪੂਰੇ ਇਲਾਕੇ ਵਿੱਚ ਸੋਗ ਦਾ ਮਾਹੌਲ ਹੈ। ਉਮਰ ਛੋਟੀ ਹੋਣ ਕਾਰਨ ਲੜਕੇ ਦੀ ਪਹਿਚਾਣ ਜਨਤਕ ਨਹੀਂ ਕੀਤੀ ਗਈ ਹੈ।



# ਸੰਪਾਦਕੀ



**ਚੰਗੀ ਸੋਚ ਬੰਦੇ ਨੂੰ ਹਮੇਸ਼ਾ ਚੰਗਾ ਰਸਤਾ ਦਿਖਾਉਂਦੀ ਹੈ।**

## ਜੀ-7 ਸਮਾਗਮ: ਅਮਰੀਕਾ ਅਤੇ ਕੈਨੇਡਾ ਦੇ ਰਿਸ਼ਤਿਆਂ ਉੱਤੇ ਪ੍ਰਭਾਵ


ਜੀ-7, ਜਾਂ ਇਸ ਨੂੰ ਗਰੁੱਪ ਆਫ ਸੈਵਨ ਵੀ ਕਹਿ ਦਿੰਦੇ ਹਨ,ਇਹ ਸੰਸਾਰ ਦੀਆਂ ਸਭ ਤੋਂ ਵੱਧ ਵਿਕਸਤ ਆਰਥਿਕਤਾਵਾਂ ਵਾਲੇ ਸੱਤ ਦੇਸ਼ਾਂ ਦਾ ਸਮੂਹ ਹੈ, ਜਿਸ ਵਿੱਚ ਅਮਰੀਕਾ, ਕੈਨੇਡਾ, ਬ੍ਰਿਟੇਨ, ਜਰਮਨੀ, ਫਰਾਂਸ, ਇਟਲੀ ਅਤੇ ਜਾਪਾਨ ਸ਼ਾਮਿਲ ਹਨ। ਇਹ ਸਮੂਹ ਹਰ ਸਾਲ ਇੱਕ ਸਿਖਰ ਸੰਮੇਲਨ ਕਰਦਾ ਹੈ, ਜਿਸ ਵਿੱਚ ਆਰਥਿਕ, ਰਾਜਨੀਤਿਕ, ਅਤੇ ਵਾਤਾਵਰਣ ਸੰਬੰਧੀ ਮੁੱਦਿਆਂ ’ਤੇ ਚਰਚਾ ਕੀਤੀ ਜਾਂਦੀ ਹੈ। ਇਸ ਵਾਰ ਇਹ ਸਮਾਗਮ ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਹੋ ਰਿਹਾ ਹੈ,ਇਸ ਲਈ ਇਹ ਅਮਰੀਕਾ ਅਤੇ ਕੈਨੇਡਾ ਦੇ ਰਿਸ਼ਤਿਆਂ ਲਈ ਇੱਕ ਮਹੱਤਵਪੂਰਨ ਮੌਕੇ ਪ੍ਰਦਾਨ ਕਰਦਾ ਦਿਖਾਈ ਦਿੰਦਾ ਹੈ। ਨਤੀਜਆਂ ਉਪਰੰਤ ਆਰਥਿਕ ਸਹਿਯੋਗ ਦੀ ਵਾਧੂ ਸੰਭਾਵਨਾ ਹੋ ਸਕਦੀ ਹੈ।ਕਿਉਂਕਿ ਅਮਰੀਕਾ ਅਤੇ ਕੈਨੇਡਾ ਦੋਵੇਂ ਗੁਆਂਢੀ ਦੇਸ਼ ਹਨ ਅਤੇ ਇੱਕ-ਦੂਜੇ ਦੇ ਪ੍ਰਮੁੱਖ ਵਪਾਰਕ ਸਾਥੀ ਵੀ ਹਨ। ਜੀ-7 ਸਮਾਗਮ ਦੌਰਾਨ, ਆਰਥਿਕ ਮਾਮਲਿਆਂ ’ਤੇ ਹੋਣ ਵਾਲੀ ਚਰਚਾ ਨਾਲ ਦੋਹਾਂ ਦੇਸ਼ਾਂ ਵਿਚਕਾਰ ਵਪਾਰ ਵਧਣ ਦੀ ਸੰਭਾਵਨਾ ਹੋ ਸਕਦੀ ਹੈ। ਨਵੀਨ ਤਕਨੀਕਾਂ, ਕਲੀਨ ਐਨਰਜੀ, ਅਤੇ ਡਿਜੀਟਲ ਇਨੋਵੇਸ਼ਨ ਖੇਤਰਾਂ ਵਿੱਚ ਸਾਂਝੇ ਪ੍ਰੋਜੈਕਟ ਸ਼ੁਰੂ ਹੋ ਸਕਦੇ ਹਨ। ਇਸ ਤਰ੍ਹਾਂ, ਜੀ-7 ਸਮਾਗਮ ਦੁਨੀਆ ਪੱਧਰ ’ਤੇ ਆਉਂਦੇ ਆਰਥਿਕ ਚੁਣੌਤੀਆਂ ਲਈ ਦੋਹਾਂ ਦੇਸ਼ਾਂ ਨੂੰ ਮਿਲ ਕੇ ਹੱਲ ਲੱਭਣ ਦੇ ਮੌਕੇ ਦੇ ਸਕਦਾ ਹੈ। ਜੀ-7 ਦੇ ਅਜਿਹੇ ਸਮਾਗਮਾਂ ਵਿੱਚ ਵਾਤਾਵਰਣ ਸੰਬੰਧੀ ਮੁੱਦੇ ਬਹੁਤ ਹੀ ਮਹੱਤਵਪੂਰਣ ਹੁੰਦੇ ਹਨ। ਕੈਨੇਡਾ ਅਤੇ ਅਮਰੀਕਾ ਦੋਵੇਂ ਵੱਡੇ ਉੱਤਰੀ ਦੇਸ਼ ਹਨ ਜੋ ਕੁਦਰਤੀ ਵਸੀਲਿਆਂ ਅਤੇ ਵਾਤਾਵਰਣ ਰੱਖਿਆ ਲਈ ਵਿਸ਼ੇਸ਼ ਸੂਚੀ ਵਿੱਚ ਆਉਂਦੇ ਹਨ। ਜੀ-7 ਚਰਚਾ ਦੌਰਾਨ, ਦੋਵੇਂ ਦੇਸ਼ ਨਵੀਆਂ ਵਾਤਾਵਰਣ ਨੀਤੀਆਂ ਅਤੇ ਕਲਾਈਮੇਟ ਚੇਂਜ ਨੂੰ ਘਟਾਉਣ ਲਈ ਸਾਂਝੀ ਰਣਨੀਤੀਆਂ ਤਿਆਰ ਕਰ ਸਕਦੇ ਹਨ। ਇਹ ਸਹਿਯੋਗ, ਨਾ ਸਿਰਫ਼ ਰਾਜਨੀਤਿਕ ਪੱਧਰ ’ਤੇ, ਬਲਕਿ ਆਮ ਲੋਕਾਂ ਲਈ ਭੀ ਲਾਭਕਾਰੀ ਸਾਬਤ ਹੋ ਸਕਦਾ ਹੈ। ਜੀ-7 ਦਾ ਇੱਕ ਹੋਰ ਮਹੱਤਵਪੂਰਨ ਪੱਖ ਗਲੋਬਲ ਸੁਰੱਖਿਆ ਹੈ। ਅਮਰੀਕਾ ਅਤੇ ਕੈਨੇਡਾ ਨਾਟੋ ਦੇ ਮੈਂਬਰ ਹਨ ਅਤੇ ਵਿਸ਼ਵ ਭਰ ਵਿੱਚ ਸ਼ਾਂਤੀ ਅਤੇ ਸੁਰੱਖਿਆ ਲਈ ਕੰਮ ਕਰਦੇ ਹਨ। ਜੀ-7 ਵਿੱਚ ਰੂਸ, ਚੀਨ, ਅਤੇ ਹੋਰ ਰਾਜਨੀਤਿਕ ਚੁਣੌਤੀਆਂ ਉੱਤੇ ਚਰਚਾ ਕਰਕੇ ਦੋਹਾਂ ਦੇਸ਼ ਆਪਣੀਆਂ ਸਾਂਝੀਆਂ ਰਣਨੀਤੀਆਂ ਤੈਅ ਕਰ ਸਕਦੇ ਹਨ। ਇਸ ਤਰ੍ਹਾਂ, ਅੰਤਰਰਾਸ਼ਟਰੀ ਮੰਚ ’ਤੇ ਇੱਕ-ਦੂਜੇ ਦੀ ਸਹਿਯੋਗੀ ਭੂਮਿਕਾ ਨਿਭਾਉਣ ਦਾ ਮੌਕਾ ਮਿਲਦਾ ਹੈ। ਅਜਿਹੇ ਸਮਾਗਮਾਂ ਮੌਕੇ ਚੁਣੌਤੀਆਂ ਅਤੇ ਅੰਤਰਵਿਰੋਧ ਦਾ ਉਭਰਕੇ ਸਾਹਣੇ ਆਉਣਾ ਵੀ ਸੰਭਾਵਿਤ ਹੁੰਦਾ ਹੈ। ਹਾਲਾਂਕਿ ਜੀ-7 ਸਮਾਗਮ ਅਮਰੀਕਾ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਨਵੀਂ ਤਾਜਗੀ ਲਿਆਉਣ ਦੀ ਸੰਭਾਵਨਾ ਭਰਿਆ ਹੈ, ਪਰ ਇਸ ਵਿੱਚ ਕੁੱਝ ਅੰਤਰਵਿਰੋਧ ਵੀ ਹੋ ਸਕਦੇ ਹਨ। ਦੋਹਾਂ ਦੇਸ਼ਾਂ ਦੀਆਂ ਵੱਖ-ਵੱਖ ਸਰਕਾਰਾਂ ਦੇ ਏਜੰਡੇ,ਵਾਤਾਵਰਣ ਜਾਂ ਆਰਥਿਕ ਨੀਤੀਆਂ ’ਚ ਅੰਤਰ ਰਾਜਨੀਤਿਕ ਟਕਰਾਅ ਦਾ ਕਾਰਨ ਵੀ ਬਣ ਸਕਦੇ ਹਨ। ਕੁੱਝ ਵਾਰ ਅਮਰੀਕਾ ਦੀ ਨੀਤੀ ਕੈਨੇਡਾ ਦੇ ਲਾਭ ਦੇ ਵਿਰੁੱਧ ਹੋ ਸਕਦੀ ਹੈ ਜਾਂ ਉਲਟ ਵੀ ਹੋ ਸਕਦਾ ਹੈ। ਆਖ਼ਿਰਕਾਰ, ਜੀ-7 ਸਮਾਗਮ ਇੱਕ ਅਜਿਹਾ ਅੰਤਰਰਾਸ਼ਟਰੀ ਮੰਚ ਹੈ ਜੋ ਅਮਰੀਕਾ ਅਤੇ ਕੈਨੇਡਾ ਨੂੰ ਆਪਣੇ ਰਿਸ਼ਤੇ ਹੋਰ ਮਜ਼ਬੂਤ ਕਰਨ, ਨਵੀਂ ਨੀਤੀਆਂ ਤੈਅ ਕਰਨ ਅਤੇ ਗਲੋਬਲ ਚੁਣੌਤੀਆਂ ਲਈ ਸਾਂਝੀ ਯੋਜਨਾ ਬਣਾਉਣ ਦਾ ਮੌਕਾ ਲੈਕੇ ਆਇਆ ਹੈ। ਇਹ ਸਮਾਗਮ, ਨਾ ਸਿਰਫ਼ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਲਈ, ਸਗੋਂ ਦੁਨੀਆ ਭਰ ਲਈ ਵੀ ਇੱਕ ਉਮੀਦ ਦੀ ਕਿਰਨ ਹੋ ਸਕਦਾ ਹੈ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ‘‘ਪੰਜਾਬੀ ਅਖ਼ਬਾਰ’’ ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ‘‘ਪੰਜਾਬੀ ਅਖ਼ਬਾਰ’’ ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਪਾਣੀਆਂ ਲਈ ਜੰਗ



ਗੁਰਮੀਤ ਸਿੰਘ ਪਲਾਹੀ
-9815802070

ਭਾਰਤ-ਪਾਕਿਸਤਾਨ ਦੀ ‘25 ਦੀ ਜੰਗ ਅਤੇ ਆਪਸੀ ਵਿਗੜੇ ਰਿਸ਼ਤਿਆਂ ਦੇ ਫਲਸਰੂਪ ਭਾਰਤ ਨੇ ਸਿੰਧੂ ਸਮਝੌਤਾ ਰੱਦ ਕਰ ਦਿੱਤਾ। ਸਿੰਧੂ ਨਦੀ ਦਾ ਪਾਕਿਸਤਾਨ ਵੱਲ ਜਾਂਦਾ ਪਾਣੀ ਰੋਕ ਦਿੱਤਾ ਹੈ? ਪਾਣੀਆਂ ਦੇ ਪੰਜਾਬ, ਹਰਿਆਣਾ ਦਰਮਿਆਨ ਹੋਏ ਸਮਝੌਤਿਆਂ ਦੀ ਉਲੰਘਣਾ ਦੇ ਚਲਦਿਆਂ ਪੰਜਾਬ ਨੇ ਹਰਿਆਣਾ ਨੂੰ ਭਾਖੜਾ- ਨੰਗਲ ਡੈਮ ਤੋਂ ਹਰਿਆਣਾ ਲਈ ਮਨਜ਼ੂਰ ਕੀਤੇ ਕੋਟੇ ਤੋਂ ਵੱਧ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਖੜਾ-ਨੰਗਲ ਡੈਮ ਪ੍ਰਬੰਧਨ ਦੇ ਮਾਮਲੇ ‘ਚ ਪੰਜਾਬ ਤੇ ਕੇਂਦਰ ਹੁਣ ਇੱਟ-ਖੜਿੱਕੇ ‘ਚ ਹਨ। ਪੰਜਾਬ ‘ਚ ਸਰਕਾਰ ਆਮ ਆਦਮੀ ਪਾਰਟੀ ਦੀ ਹੈ ਜਦਕਿ ਹਰਿਆਣਾ ਤੇ ਕੇਂਦਰ ‘ਚ ਭਾਜਪਾ ਦੀ। ਪੰਜਾਬ ਨਾਲ ਹੋਏ ਪਾਣੀਆਂ ਦੇ ਮਾਮਲੇ ‘ਚ ਹੋ ਰਹੇ ਵਿਤਕਰਿਆਂ ਸੰਬੰਧੀ ਸਿਆਸੀ ਲੜਾਈ ਤੇਜ਼ ਹੋ ਚੁੱਕੀ ਹੈ। ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ‘ਤੇ ਪਾਣੀ ਵਿਵਾਦ ਮੁੱਦੇ, ਪਾਣੀ ਦੀ ਉਪਲਬੱਧਤਾ ਅਤੇ ਵੰਡ ਬਾਰੇ ਵੱਡੇ ਪ੍ਰਸ਼ਨ ਖੜੇ ਕਰ ਰਹੇ ਹਨ। ਆਓ ਵੇਖੀਏ ਵਿਸ਼ਵ ਪੱਧਰ ‘ਤੇ ਪਾਣੀਆਂ ਦੇ ਹਾਲਾਤ ਕਿਹੋ ਜਿਹੇ ਬਣਦੇ ਜਾਂ ਰਹੇ ਹਨ :

ਸਿੰਧੂ, ਗੰਗਾ, ਬ੍ਰਹਮਪੁੱਤਰ ਤੋਂ ਬਿਨ੍ਹਾਂ ਦਸ ਪ੍ਰਮੁੱਖ ਏਸ਼ੀਆਈ ਨਦੀ ਪ੍ਰਣਾਲੀਆਂ ਹਿੰਦੂਕੁਸ਼ ਹਿਮਾਲਾ ਤੋਂ ਹੀ ਨਿਕਲਦੀਆਂ ਹਨ। ਇਹਨਾ ਦਾ ਫੈਲਾਅ ਅੱਠ ਦੇਸ਼ਾਂ ਤੱਕ ਹੈ। ਜਿਹਨਾ ਵਿੱਚ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਭੂਟਾਨ, ਬੰਗਲਾ ਦੇਸ਼, ਚੀਨ, ਨੇਪਾਲ ਅਤੇ ਮੀਆਂਮਾਰ ਸ਼ਾਮਲ ਹਨ। ਇਹਨਾ ਖੇਤਰਾਂ ਲਈ ਅਸਲ ਵਿੱਚ ਇਹ ਜੀਵਨ ਰੇਖਾ ਹੈ।

ਲੇਕਿਨ ਹੁਣੇ ਜਿਹੇ ਇੱਕ ਰਿਪੋਰਟ ਛਪੀ ਹੈ ਕਿ ਹਿੰਦੂਕੁਸ਼ ਹਿਮਾਲਾ ਦੀ ਬਰਫ਼ ਦੀਆਂ ਪਰਤਾਂ ਵਿੱਚ ਜ਼ਬਰਦਸਤ ਘਾਟ ਦੇਖਣ ਨੂੰ ਮਿਲੀ ਹੈ। ਕਿਧਰੇ-ਕਿਧਰੇ ਤਾਂ ਇਹ ਲਗਭਗ 50 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਅਸਲੀਅਤ ਵਿੱਚ ਇਹ ਗੰਭੀਰ ਅਤੇ ਚਿੰਤਾਜਨਕ ਹਾਲਾਤ ਹਨ।

ਲਗਾਤਾਰ ਤਿੰਨ ਵਰ੍ਹਿਆਂ ਤੋਂ ਜਾਰੀ ਇਹ ਸਥਿਤੀ ਕੁਦਰਤ ਪੱਖੀ ਨਹੀਂ ਕਹੀ ਜਾ ਸਕਦੀ। ਕੁਦਰਤੀ ਰੂਪ ਚ ਬਰਫ਼ ਪਿਗਲਣ ਨਾਲ ਗਰਮ ਮਹੀਨਿਆਂ ਦੌਰਾਨ ਨਦੀਆਂ ਦਾ ਨਿਰੰਤਰ ਪਾਣੀ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਹਾਲਾਂਕਿ ਬਰਫ਼ ਦਾ ਬਣਨਾ ਅਤਿਅੰਤ ਜ਼ਰੂਰੀ ਹੈ। ਬਰਫ਼ਬਾਰੀ ਪਿਛਲੇ 25 ਵਰਿਆਂ ਤੋਂ ਘੱਟ ਹੋ ਰਹੀ ਹੈ, ਜੋ ਦੁਨੀਆਂ ਦੇ ਖੇਤਰਫਲ ਅਤੇ ਜਨਸੰਖਿਆ ਚ ਸਭ ਤੋਂ ਵੱਡੇ ਏਸ਼ੀਆਈ ਮਹਾਂਦੀਪ, ਜਿਸ ਦੀ ਕੁੱਲ ਜਨਸੰਖਿਆ 470 ਕਰੋੜ ਹੈ, ਲਈ ਇੱਕ ਗੰਭੀਰ ਚੇਤਾਵਨੀ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ। ਇਹ ਏਸ਼ੀਆ ਦੇ 49 ਦੇਸ਼ਾਂ, ਜਿਹਨਾ ਦੇ ਕੋਲ ਆਬਾਦੀ ਦੁਨੀਆਂ ਦੀ ਆਬਾਦੀ ਦਾ 60 ਫ਼ੀਸਦੀ ਹੈ, ਲਈ ਭਵਿੱਖ ਚ ਵੱਡੀ ਚਿੰਤਾ ਅਤੇ ਚੁਣੌਤੀ ਬਣੇਗੀ।

ਖੇਤਰਫਲ ਅਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਹਿੰਦੂਕੁਸ਼ ਹਿਮਾਲਾ ਪਰਬਤ ਸਮੂਹ ਖੇਤਰ ਅੱਠ ਦੇਸ਼ਾਂ ਵਿੱਚ ਲਗਭਗ 40 ਲੱਖ 30 ਹਜ਼ਾਰ ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਹਨਾਂ ਦੋ ਅਰਬ ਲੋਕਾਂ ਦੇ ਭੋਜਨ ਪਾਣੀ ਅਤੇ ਬਿਜਲੀ ਦੀ ਸੁਰੱਖਿਆ ਦੇ ਨਾਲ ਨਾਲ ਹਜਾਰਾਂ,ਲੱਖਾਂ ਜੀਵ-ਜੰਤੂਆਂ ਦਾ ਰਹਿਣ ਵਸੇਰਾ ਵੀ ਹੈ। ਚਿੰਤਾ ਦੀ ਗੱਲ ਹੈ ਕਿ ਪੌਣ ਪਾਣੀ ਤਬਦੀਲੀ ਦਾ ਭੈੜਾ ਅਸਰ ਪਹਾੜਾਂ ਤੱਕ ਪੁੱਜ ਗਿਆ ਹੈ। ਇਸ ਦੇ ਕਾਰਨ ਹੀ ਤੇਜੀ ਨਾਲ ਬਰਫ਼ ਪਿਗਲਦੀ ਹੈ। ਪਹਿਲਾਂ ਜਿੱਥੇ ਬਰਫ਼ ਦੀਆਂ ਮੋਟੀਆਂ ਤੈਹਾਂ ਦਿਖਾਈ ਦਿੰਦੀਆਂ, ਹੁਣ ਪਤਲੀਆਂ ਕੱਚ ਵਰਗੀਆਂ ਦਿਖਣ ਲੱਗੀਆਂ ਹਨ। ਇਹ ਤੇਜ਼ੀ ਨਾਲ ਪਿਗਲ ਰਹੀਆਂ ਹਨ। ਆਮ ਤੌਰ ‘ਤੇ ਤਾਂ ਬਰਫ਼ ਦੇ ਤੋਦੇ, ਚਟਾਨਾ ਹੌਲੀ ਹੌਲੀ ਪਹਾੜਾਂ ਤੇ ਪਿਗਲਦੀਆਂ ਹਨ। ਚਟਾਨ ਦੀ ਸਕਲ ਲੈ ਪਾਉਣ ਤੋਂ ਪਹਿਲਾਂ ਬਰਫ਼ ਅਸਲ ਚ ਪਾਣੀ ਦੀ ਇੱਕ ਅਵਸਥਾ ਹੁੰਦੀ ਹੈ। ਜਦੋਂ ਪਾਣੀ ਦਾ ਤਾਪਮਾਨ ਮਾਈਨਸ ਡਿਗਰੀ ਜਾਂ ਘੱਟ ਹੁੰਦਾ ਹੈ, ਤਾਂ ਉਹ ਬਰਫ਼ ਚ ਬਦਲਦਾ ਹੈ। ਪਰ ਜਦ ਇਹ ਉਚਾਈ ਤੇ ਹੁੰਦਾ, ਤਾਂ ਦਬਾਅ ਘੱਟ ਹੁੰਦਾ ਹੈ। ਮੌਜੂਦਾ ਸਮੇਂ ਮਨੁੱਖ ਦੀਆਂ ਲੋੜਾਂ ਤੋਂ ਵੱਧ ਗਤੀਵਿਧੀਆਂ ਦਾ ਕੁਦਰਤ ‘ਤੇ ਭੈੜਾ ਪ੍ਰਭਾਵ ਪੈਂਦਾ ਹੈ।

ਨਿਸ਼ਚਿਤ ਰੂਪ ਚ ਇਹ ਸਥਿਤੀ ਸੁਖਾਵੀਂ ਸਥਿਤੀ ਨਹੀਂ ਹੈ। ਇਸਦੇ ਸਿੱਟੇ ਦੁਨੀਆ ਦੀ ਆਬਾਦੀ ਦੇ ਸਭ ਤੋਂ ਵੱਡੇ ਹਿੱਸੇ ਭਾਰਤ ਵਿੱਚ ਵੇਖਣ ਨੂੰ ਮਿਲ ਰਹੇ ਹਨ। ਹੜ੍ਹ ਅਤੇ ਤੂਫ਼ਾਨ, ਪੌਣ ਪਾਣੀ ਬਦਲੀ, ਜੰਗਲਾਂ ਦੀ ਕਟਾਈ ਅਤੇ ਧਰਤੀ ਖੋਰੇ ਦੇ ਕਾਰਨ, ਲੱਖਾਂ ਲੋਕਾਂ ਦੀ ਉਜਾੜੇ ਦਾ ਕਾਰਨ ਬਣੇ ਹਨ।

ਪੱਛਮੀ ਬੰਗਾਲ ਚ 24 ਮਈ 2024 ਨੂੰ ਚੱਕਰਵਾਤ ‘ਰੇਮਲ’ ਕਾਰਨ 2,0,8000 ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ। ‘ਰੇਮਲ’ ਦੇ ਉੱਤਰ ਵੱਲ ਵਧਣ ਕਾਰਨ ਬ੍ਰਹਮਪੁੱਤਰ ਨਦੀ ਅਤੇ ਉਸਦੀਆਂ ਸਹਾਇਕ ਨਦੀਆਂ ਚ ਤੂਫ਼ਾਨ ਆਇਆ, ਜਿਸ ਨਾਲ ਆਸਾਮ ਵਿੱਚ ਲਗਭਗ 3,38000 ਲੋਕ ਉਜੜ ਗਏ। ਅਸਾਮ ਵਿੱਚ ਇੱਕ ਦਹਾਕੇ ਦੌਰਾਨ ਭਾਰੀ ਹੜ੍ਹਾਂ ਕਾਰਨ ਸਾਲ 2024 ਵਿੱਚ 25 ਲੱਖ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਚੱਕਰਵਾਤ ‘ਦਾਨਾ’ ਨੇ 10 ਲੱਖ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ। ਇਹ ਅਸਲ ਅਰਥਾਂ ‘ਚੋਂ ਕੁਦਰਤ ਨਾਲ ਖਿਲਵਾੜ ਕਰਨ ਦਾ ਹੀ ਸਿੱਟਾ ਹੈ। ਬਰਫ਼ ਦਾ ਪਿਗਲਣਾ, ਮਨੁੱਖਾਂ ਹੱਥੋਂ ਕੀਤਾ ਗ਼ੈਰ-ਕੁਦਰਤੀ ਕਾਰਾ ਹੈ, ਜੋ ਮਨੁੱਖ ਨੂੰ ਆਪੇ ਭੁਗਤਣਾ ਪੈ ਰਿਹਾ ਹੈ। ਇਹ ਇਕ ਗੰਭੀਰ ਸਥਿਤੀ ਵੀ ਹੈ, ਕਿਉਂਕਿ ਪਿਗਲਦੀਆਂ ਹਿੰਮ ਨਦੀਆਂ ਤੋਂ ਨਿਕਲਦੇ ਪਾਣੀ ਉੱਤੇ ਜਨਸੰਖਿਆ, ਬਨਸਪਤੀ, ਪਸ਼ੂ-ਪੰਛੀ ਅਤੇ ਦੂਜੇ ਜੀਵ-ਜੰਤੂ ਨਿਰਭਰ ਹਨ ਅਤੇ ਇਹ ਉਹਨਾਂ ਦੇ ਜੀਵਨ ਲਈ ਖ਼ਤਰੇ ਦੀ ਘੰਟੀ ਹੈ। ਗੰਗਾ, ਬ੍ਰਹਮਪੁੱਤਰ ਅਤੇ ਸਿੰਧੂ ਬੇਸਿਨ ਕਈ ਨਦੀਆਂ ਦਾ ਸਰੋਤ ਹੈ। ਇਸ ਨਾਲ ਭਾਰਤ ਦੇ ਕਰੋੜਾਂ ਲੋਕਾਂ ਦੀ ਨਿਰਭਰਤਾ ਹੈ। ਭਾਰਤ ਨੂੰ ਪਾਣੀ ਇਹਨਾਂ ਬੇਸਿਨਾਂ ਤੋਂ ਮਿਲਦਾ ਹੈ। ਪਰ ਇਹਨਾਂ ਨਦੀਆਂ ਦੇ ਜਲਦੀ ਸੁੱਕਣ ਨਾਲ ਜੋ ਸੰਕੇਤ ਮਿਲ ਰਹੇ ਹਨ, ਉਹ ਬੇਹੱਦ ਚਿੰਤਾਜਨਕ ਹਨ। ਜੇਕਰ ਨਦੀਆਂ ਸੁੱਕ ਗਈਆਂ ਤਾਂ, ਮਨੁੱਖੀ ਜੀਵਨ ਤਬਾਹੀ ਕੰਢੇ ਹੋਏਗਾ।

ਉਂਝ ਵੀ ਪਾਣੀ ਕਾਰਨ ਦੇਸ਼ਾਂ, ਪ੍ਰਦੇਸਾਂ ਵਿੱਚ ਲੜਾਈ ਦਾ ਮੈਦਾਨ ਭਖਿਆ ਪਿਆ ਹੈ। ਸਿੰਧੂ ਨਦੀ ਦਾ ਪਾਣੀ ਭਾਰਤ ਨੇ ਬੰਦ ਕਰਨ ਦਾ ਉਦੋਂ ਐਲਾਨ ਕਰ ਦਿੱਤਾ, ਜਦੋਂ ਦੋਹਾਂ ਦੇਸ਼ਾਂ ਚ ਆਪਸੀ ਤਕਰਾਰ ਵਧਿਆ ਅਤੇ ਜੰਗ ਛਿੜ ਪਈ। ਕਿਹਾ ਜਾ ਰਿਹਾ ਹੈ ਕਿ ਦੁਨੀਆਂ ਵਿੱਚ ਅਗਲੇ ਵਿਸ਼ਵ ਯੁੱਧ ਦਾ ਕਾਰਨ ਪਾਣੀ ਹੋਏਗਾ। ਭਾਰਤ ਦੀਆਂ ਪ੍ਰਮੁੱਖ ਨਦੀਆਂ ਦੋ ਜਾਂ ਤਿੰਨ ਤੋਂ ਜ਼ਿਆਦਾ ਸੂਬਿਆਂ ਦੇ ਪਾਣੀ ਦਾ ਸਰੋਤ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਲਗਭਗ ਦੇਸ਼ਾਂ ਦੇ ਬਹੁਤਿਆਂ ਹਿੱਸਿਆਂ ਚੋਂ ਧਰਤੀ ‘ਚ ਬਹੁਤ ਨੀਵਾਂ ਜਾ ਚੁੱਕਾ ਹੈ, ਕਿਉਂਕਿ ਇਸ ਦੀ ਦੁਰਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ। ਆਬਾਦੀ ਵਧਣ ਨਾਲ ਪਾਣੀ ਦੀ ਮੰਗ ਵੀ ਵੱਧ ਰਹੀ ਹੈ ਅਤੇ ਇਸੇ ਮੰਗ ਦੇ ਵਧਣ ਕਾਰਨ ਸੂਬਿਆਂ ਚ ਪਾਣੀ ਲਈ ਆਪਸੀ ਤਕਰਾਰ ਡੂੰਘਾ ਅਤੇ ਗੰਭੀਰ ਬਣਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਕਾਰਨ ਵੱਡਾ ਕਲੇਸ਼ ਵਧਿਆ ਹੈ। ਸੂਬੇ ਕਾਨੂੰਨੀ ਅਤੇ ਸਿਆਸੀ ਸ਼ਕਤੀ ਦਾ ਦਾਅਵਾ ਕਰਦੇ ਹਨ। ਇਹੋ ਹਾਲ ਅੰਤਰਰਾਸ਼ਟਰੀ ਜਲ ਵਿਵਾਦਾਂ ਦਾ ਹੈ। ਇਹ ਪਾਣੀ ਝਗੜੇ ਲੰਬੇ ਸਮੇਂ ਤੋਂ ਅਣਸੁਲਝੇ ਹਨ। ਅੰਤਰਰਾਜੀ ਜਲ ਵਿਵਾਦਾਂ ਨਾਲ ਨਿਪਟਣ ਲਈ ਘਰੇਲੂ ਕਾਨੂੰਨੀ ਢਾਂਚਾ ਅਤੇ ਪ੍ਰਕਿਰਿਆਵਾਂ ਹੁਣ ਵੀ ਬਹੁਤ ਪੁਰਾਣੀਆਂ ਅਤੇ ਅਵਿਕਸਤ ਹਨ। ਇਹ ਸੂਬਿਆਂ ਦੇ ਆਪਸੀ ਪਾਣੀ ਮਸਲਿਆਂ ਨੂੰ ਹੱਲ ਕਰਨ ਦੇ ਕਾਬਲ ਵੀ ਨਹੀਂ ਹਨ। ਭਾਰਤ ਦੇ ਸੰਘੀ ਸੰਵਿਧਾਨਿਕ ਢਾਂਚੇ ਤਹਿਤ ਪਾਣੀ ਮੋਟੇ ਤੌਰ ‘ਤੇ ਰਾਜ ਦਾ ਮਾਮਲਾ ਹੈ, ਜਿਸ ਵਿੱਚ ਕੇਂਦਰ ਸਰਕਾਰ ਦਾ ਦਖ਼ਲ ਸੀਮਤ ਹੈ ਅਤੇ ਉਸ ਦੀ ਭੂਮਿਕਾ ਸੰਵਿਧਾਨਿਕ ਤੌਰ ‘ਤੇ ਪ੍ਰਭਾਸ਼ਿਤ ਹੈ। ਭਾਰਤ ਵਿੱਚ ਹਰ ਸੂਬਾ ਕੁਦਰਤੀ ਸੋਮਿਆਂ ਉੱਤੇ ਆਪਣਾ ਹੱਕ ਜਤਾਉਂਦਾ ਹੈ। ਵਿਸ਼ੇਸ਼ ਰੂਪ ‘ਤੇ ਪਾਣੀ ਦੇ ਮਸਲੇ ‘ਚ ਕਈ ਵਾਰ ਤਾਂ ਇਹ ਵਿਵਾਦ ਪੂਰਨ ਵੀ ਹੋ ਜਾਂਦਾ ਹੈ, ਕਿਉਂਕਿ ਕਈ ਨਦੀਆਂ ਕਈ ਰਾਜਾਂ ਵਿੱਚ ਹੋ ਕੇ ਵਹਿੰਦੀਆਂ ਹਨ। ਕਈ ਵੇਰ ਇਹ ਵਿਵਾਦ ਰਾਜਨੀਤਿਕ ਰੂਪ ਧਾਰਨ ਕਰਦਾ ਹੈ। ਕੁੜੱਤਣ ਪੈਦਾ ਹੁੰਦੀ ਹੈ।

ਅਸਲੀਅਤ ਇਹ ਹੈ ਕਿ ਭਾਰਤ ਦੀ ਆਬਾਦੀ ਵੱਡੀ ਹੈ, ਲੇਕਿਨ ਪਾਣੀ ਬਹੁਤ ਜ਼ਿਆਦਾ ਨਹੀਂ ਹੈ। ਦੁਨੀਆ ਦੇ ਨਵੀਨੀਕਰਨ ਜਲ ਸੰਸਾਧਨਾਂ ਦਾ ਸਿਰਫ਼ ਚਾਰ ਫ਼ੀਸਦੀ ਅਤੇ ਵਿਸ਼ਵ ਆਬਾਦੀ ਦਾ 18 ਫ਼ੀਸਦੀ ਹੈ। ਕਈ ਵੇਰ ਇਸ ਨੂੰ ਲੈ ਕੇ ਤਨਾਅ ਵੱਧਦਾ ਹੈ। ਕਦੇ-ਕਦੇ ਗੰਭੀਰ ਟਕਰਾਅ ਵਿੱਚ ਇਹ ਤਨਾਅ ਬਦਲਦਾ ਹੈ। ਸੂਬਿਆਂ ਦੇ ਆਪਸੀ ਰਿਸ਼ਤੇ ਤਣਾਅ ਪੂਰਨ ਹੁੰਦੇ ਹਨ। ਗੱਲ ਵਿਰੋਧ ਪ੍ਰਦਰਸ਼ਨਾਂ ਤੱਕ ਪੁੱਜਦੀ ਹੈ, ਜਿਵੇਂ ਕਿ ਇਨੀਂ ਦਿਨੀ ਹਰਿਆਣਾ ਪੰਜਾਬ ਦਾ ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਕਾਰਨ ਟਕਰਾਅ ਹੋ ਰਿਹਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਸਿੰਚਾਈ ਅਤੇ ਬਿਜਲੀ ਪੈਦਾ ਕਰਨ ਲਈ ਨਦੀਆਂ ਦੇ ਪਾਣੀਆਂ ਦੀ ਵਰਤੋਂ ਦੀਆਂ ਯੋਜਨਾਵਾਂ ਲਾਗੂ ਹੋਈਆਂ। ਭਾਖੜਾ-ਨੰਗਲ, ਹੀਰਾਕੁੰਡ, ਚੰਬਲ, ਤੁੰਗਭੱਦਰਾ, ਨਾਗਾਰਜੁਨ ਸਾਗਰ ਅਤੇ ਦਮੋਦਰ ਘਾਟੀ ਯੋਜਨਾਵਾਂ ਬਣੀਆਂ। ਇਹਨਾਂ ਯੋਜਨਾਵਾਂ ਨਾਲ ਇਹਨਾਂ ਖੇਤਰਾਂ ਦੇ ਵਿਕਾਸ ਚ ਮਦਦ ਮਿਲੀ। ਇਹ ਸਿੰਚਾਈ, ਬਿਜਲੀ ਅਤੇ ਹੜ੍ਹ ਰੋਕਣ ਲਈ ਮਦਦਗਾਰ ਸਾਬਿਤ ਹੋਈਆਂ। ਹਾਲਾਂਕਿ ਕੁਝ ਮਾਮਲਿਆਂ ‘ਚ ਇਹਨਾਂ ਯੋਜਨਾਵਾਂ ਕਾਰਨ ਰਾਜਾਂ ਦੇ ਝਗੜੇ ਪਾਣੀ ਦੀ ਵੰਡ ਲਈ ਪੈਦਾ ਹੋਏ। ਰਾਵੀ, ਬਿਆਸ, ਨਰਮਦਾ, ਕ੍ਰਿਸ਼ਨਾ, ਕਵੇਰੀ, ਗੋਦਾਵਰੀ, ਪਰਿਆਰ, ਮਹਾਂਦੇਈ, ਨਦੀਆਂ ਦੇ ਪਾਣੀ ਦੀ ਵੰਡ ਲਈ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ, ਤਾਮਿਲਨਾਡੂ, ਕੇਰਲਾ ਆਦਿ ਸੂਬਿਆਂ ਵਿਚਕਾਰ ਪਾਣੀ-ਵਿਵਾਦ ਹੁੰਦਾ ਰਿਹਾ ਹੈ ਜਾਂ ਹੈ।ਅੰਤਰਰਾਸ਼ਟਰੀ ਪੱਧਰ ‘ਤੇ ਭਾਰਤ-ਪਾਕਿਸਤਾਨ, ਚੀਨ, ਇਜ਼ਰਾਇਲ-ਫਲਸਤੀਨ, ਸੀਰੀਆ, ਤੁਰਕੀ, ਜਾਰਡਨ, ਇਥੋਪੀਆ ਆਦਿ ਦੇਸ਼ਾਂ ਚ ਪਾਣੀ ਕਾਰਨ ਵਿਵਾਦ ਹੈ ਅਤੇ ਇਹ ਵਿਵਾਦ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ।

ਭਾਰਤ ਵਿੱਚ ਹੀ ਨਹੀਂ ਸਮੁੱਚੀ ਦੁਨੀਆਂ ਵਿੱਚ ਵੱਡੀ ਗਿਣਤੀ ਸਰਕਾਰਾਂ ਕਾਰਪੋਰੇਟਾਂ ਸੈਕਟਰ ਨਾਲ ਮਿਲਕੇ, ਧਰਤੀ ਦੇ ਪੰਜ ਤੱਤਾਂ ਦਾ ਨਾਲ ਖਿਲਵਾੜ ਕਰ ਰਹੀਆਂ ਹਨ। ਪਾਣੀ ਦੀ ਕਮੀ ਪੱਛਮੀ ਏਸ਼ੀਆ ਤੇ ਅਫ਼ਰੀਕਾ ਦੇ ਲੋਕਾਂ ਨੂੰ ਆਪਣੇ ਘਰ ਬਾਰ ਛੱਡਣ ਤੇ ਮਜ਼ਬੂਰ ਕਰ ਰਹੀ ਹੈ। ਪਾਣੀ ਦੀ ਘਾਟ ਕਾਰਨ ਸਥਿਤੀਆਂ ਇਹੋ ਜਿਹੀਆਂ ਬਣ ਰਹੀਆਂ ਹਨ, ਜਿਸ ਬਾਰੇ ਮੈਗਾਸੈਸ ਪੁਰਸਕਾਰ ਵਿਜੇਤਾ ਜਲਪੁਰਸ਼ ਰਜਿੰਦਰ ਸਿੰਘ ਨੇ ਕਿਹਾ ਹੈ ਕਿ “ਜਲ ਸਮੱਸਿਆ” ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ। 20 ਸਦੀ ਤੋਂ ਸ਼ੁਰੂ ਤੇਲ ਲਈ ਯੁੱਧ ਨੇ ਇਤਿਹਾਸ ਨੂੰ ਵੱਖਰਾ ਆਕਾਰ ਦਿੱਤਾ । 21ਵੀਂ ਸਦੀ ਦੇ ਬਹੁਤ ਸੰਘਰਸ਼ ਪਾਣੀ ਲਈ ਹੋਣਗੇ। 20ਵੀਂ ਸਦੀ ‘ਚ ਆਬਾਦੀ ਵਿਸ਼ਵ ‘ਚ ਦੋ ਗੁਣਾ ਤੋਂ ਜ਼ਿਆਦਾ ਹੋ ਗਈ ਹੈ ਅਤੇ ਪਾਣੀ ਦੀ ਵਰਤੋਂ ਵੀ ਵਧੀ ਹੈ। ਇਸ ਨਾਲ ਦੁਨੀਆਂ ਭਰ ਦੇ ਸ਼ਹਿਰਾਂ ‘ਚ ਪਾਣੀ ਦੀ ਕਮੀ ਹੈ। ਕੈਪਟਾਊਨ ਸ਼ਹਿਰ, ਲੀਮਾਂ ਸ਼ਹਿਰ, ਚੈਨੱਈ ਸ਼ਹਿਰ ਪਾਣੀ ਨੂੰ ਤਰਸੇ ਪਏ ਹਨ। ਪਾਣੀ ਦੀ ਘਾਟ ਖੇਤਰੀ ਅਸਥਿਰਤਾ ਅਤੇ ਸਮਾਜਿਕ ਅਸ਼ਾਂਤੀ ਦਾ ਕਾਰਨ ਬਣ ਰਹੀ ਹੈ। ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆ ਦੀ 40 ਫ਼ੀਸਦੀ ਆਬਾਦੀ ਪ੍ਰਭਾਵਿਤ ਹੋ ਚੁੱਕੀ ਹੈ ਅਤੇ 2030 ਤੱਕ 700 ਮਿਲੀਅਨ ਲੋਕਾਂ ਨੂੰ ਪਾਣੀ ਕਾਰਨ ਆਪਣੇ ਘਰਾਂ ਤੋਂ ਬੇਘਰ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪਾਣੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀ ਦੀ ਵਧਦੀ ਕਮੀ ਹਿੰਸਕ ਸੰਘਰਸ਼ਾਂ ‘ਚ ਵਾਧਾ ਕਰੇਗੀ, ਕਿਉਂਕਿ ਬੇਈਮਾਨ, ਨੇਤਾ,ਸ਼ਕਤੀਸ਼ਾਲੀ ਨਿਗਮ ਅਤੇ ਸ਼ਕਤੀਹੀਣ ਲੋਕ ਘਟਦੀ ਜਲ ਪੂਰਤੀ ਲਈ ਲੜ ਸਕਦੇ ਹਨ।ਪਾਣੀਆਂ ਲਈ ਜੰਗ ਦੁਨੀਆ ਲਈ ਨਵਾਂ ਨਹੀਂ ਹੈ। 2500 ਈਸਾ ਪੂਰਬ ਵਿੱਚ ਮੈਸੋਪੋਟਾਮਿਆ, 720 ਈਸਾ ਪੂਰਬ ਵਿੱਚ ਅਸੀਰੀਆ, 101 ਈਸਾ ਪੂਰਬ ਵਿੱਚ ਚੀਨ ਅਤੇ 48 ਈਸਾ ਪੂਰਬ ਵਿੱਚ ਮਿਸਰ ਵਿੱਚ ਇਸਦੇ ਪ੍ਰਕੋਪ ਦੀ ਸ਼ੁਰੂਆਤ ਹੋਈ ਸੀ, ਅੱਜ ਵੀ ਦੁਨੀਆ ਦੇ ਕਈ ਹਿੱਸਿਆਂ ‘ਚ ਪਾਣੀ ਲਈ ਸੰਘਰਸ਼ ਜਾਰੀ ਹੈ। ਕਿਧਰੇ ਕਿਸੇ ਦੇਸ਼ ਦੇ ਸੂਬਿਆਂ ‘ਚ ਆਪਸ ਵਿੱਚ ਅਤੇ ਕਿਧਰੇ ਕਿਸੇ ਇੱਕ ਦੇਸ਼ ਦਾ ਦੂਜੇ ਦੇਸ਼ ਨਾਲ।



**ਚਿੱਠੀ ਆਈ ਹੈ ...ਅੱਗੇ ਮਿਲੇ**
**ਰਿਸ਼ੀ ਨਾਗਰ**
587 899 1060



ਇਹ ਕਾਲਮ ਨਿਰੋਲ ਕਲਪਨਾ ’ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ ‘ਪੰਜਾਬੀ ਅਖ਼ਬਾਰ’ ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਨਾਸਰਾਜ ਸੱਤਿਆਨਾਸ਼ੀ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ,

ਲਿਖਤੁਮ ਨਾਸਰਾਜ ਸੱਤਿਆਨਾਸ਼ੀ....

**ਨਾਸਰਾਜ ਸੱਤਿਆਨਾਸ਼ੀ ਹਰਿਆਣਾ ਦੇ ਪਲਵਲ ਜ਼ਿਲ੍ਹਾ ਦੇ ਕਿਸੇ ਪਿੰਡ ਵਿੱਚ 1969 ਵਿੱਚ ਪੈਦਾ ਹੋਇਆ ਸੀ। ਉਸ ਦੀ ਜਨਮ ਤਰੀਕ ਉਸ ਦੇ ਸਮੇਤ ਕਿਸੇ ਨੂੰ ਵੀ ਪਤਾ ਨਹੀਂ ਸੀ ਤੇ ਨਾ ਹੀ ਉਹ ਪੜ੍ਹਿਆ ਲਿਖਿਆ ਸੀ ਜਿਸ ਕਰਕੇ ਉਸ ਦਾ ਕੋਈ ਜਨਮ ਸਰਟੀਫਿਕੇਟ ਵੀ ਨਹੀਂ ਸੀ। ਉਸ ਦੀ ਮਾਤਾ ਦੀ ਮੌਤ ਉਸ ਦੇ ਜਨਮ ਦੇ ਨਾਲ ਹੀ ਹੋ ਗਈ ਸੀ ਤੇ ਪਿਤਾ ਤੇ ਬਾਕੀ ਟੱਬਰ ਵਾਲਿਆਂ ਨੇ ਉਸ ਨੂੰ ਨਹਿਸ਼ੀ ਤੇ ਮਨਹੂਸ ਮੰਨਦਿਆਂ ਹੋਇਆਂ ਕਿਸੇ ਬਾਬੇ ਦੇ ਕਹਿਣ ‘ਤੇ ਘਰੋਂ ਕੱਢ ਦਿੱਤਾ ਸੀ ਤੇ ਉਹ ਕਹਿੰਦਾ ਹੁੰਦਾ ਸੀ ਕਿ ਉਹ ਹਰਿਆਣੇ ਦੇ ਪਲਵਲ ਜ਼ਿਲ੍ਹੇ ਦੇ ਕਿਸੇ ਪਿੰਡ ਤੋਂ ਆਏ ਸਨ। ਉਸ ਦੇ ਪਿਤਾ ਦਾਣਾ ਮੰਡੀ ਨਕੋਦਰ ਵਿੱਚ ਮਿਹਨਤ-ਮਜ਼ਦੂਰੀ ਕਰਦੇ ਸਨ ਤੇ ਉਹ ਨਕੋਦਰ ਬੱਸ ਅੱਡੇ ‘ਤੇ ਬੱਸ ਡ੍ਰਾਇਵਰਾਂ ਤੇ ਟੈਂਪੂ ਡ੍ਰਾਇਵਰਾਂ ਨੂੰ ਅਕਸਰ ਪਾਣੀ ਪਿਲਾਉਂਦਾ ਨਜ਼ਰ ਆ ਜਾਂਦਾ ਸੀ। ਉਹ ਹਮੇਸ਼ਾ ਮੈਲੇ-ਗੰਦੇ ਕੱਪੜੇ ਪਾਉਂਦਾ, ਕੁਝ ਬੁੜ ਬੁੜ ਕਰਦਾ ਕਹਿੰਦਾ ਪਰ ਕਦੀ ਕਿਸੇ ਨਾਲ ਨਾ ਲੜਦਾ। ਉਸ ਦੀ ਜ਼ੁਬਾਨੋਂ ਕਦੀ ਕੋਈ ਚੰਗੀ ਗੱਲ ਨਾ ਨਿੱਕਲਦੀ ਤੇ ਉਹ ਹਮੇਸ਼ਾ ਨਕਾਰਾਤਮਕ ਗੱਲਾਂ ਕਰਦਾ ਰਹਿੰਦਾ ਸੀ। ਜੇ ਕੋਈ ਉਸ ਨੂੰ ਰੁਪਈਆ ਪੈਸਾ ਦੇ ਵੀ ਦਿੰਦਾ ਤਾਂ ਵੀ ਉਹ ਉਸ ਵਾਸਤੇ ਦੁਆ ਨਾ ਕੱਢਦਾ। ਬੱਸ ਕੁਝ ਬੁੜ-ਬੁੜ ਕਰਦਾ ਅੱਗੇ ਵਧ ਜਾਂਦਾ। ਬੱਚੇ ਉਸ ਨੂੰ ਦੇਖ ਕੇ ਡਰ ਜਾਂਦੇ ਸਨ ਤੇ ਉਹ ਅਕਸਰ ਤੁਰਿਆਂ ਜਾਂਦਾ, ਸਾਹਮਣਿਉਂ ਆਉਂਦੇ ਕਿਸੇ ਵੀ ਮਰਦ ਜਾਂ ਔਰਤ ਨੂੰ ‘ਬਊ’ ਕਹਿ ਕੇ ਡਰਾ ਛੱਡਦਾ ਪਰ ਉਂਜ ਕਦੀ ਕਿਸੇ ਨਾਲ ਉਸ ਨੇ ਬਦਤਮੀਜ਼ੀ ਨਹੀਂ ਕੀਤੀ। ਉਸ ਦਾ ਅਸਲ ਨਾਮ ਵੀ ਕਿਸੇ ਨੂੰ ਨਹੀਂ ਪਤਾ ਸੀ ਪਰ ਉਹ ਸਾਰਾ ਦਿਨ ਨਕਾਰਾਤਮਕ ਜਾਂ ਨੈਗੇਟਿਵ ਗੱਲਾਂ ਕਰਦਾ ਰਹਿਣ ਕਰਕੇ ਲੋਕਾਂ ਵਿੱਚ ਨਾਸਰਾਜ ਅਤੇ ਸੱਤਿਆਨਾਸ਼ੀ ਦੇ ਨਾਮਾਂ ਨਾਲ ਮਸ਼ਹੂਰ ਹੋ ਗਿਆ ਸੀ। ਜੇ ਕੋਈ ਉਸ ਨੂੰ ਉਸ ਦਾ ਨਾਮ ਪੁੱਛਦਾ ਤਾਂ ਉਹ ਅੱਗੋਂ ਕਹਿੰਦਾ - ਨਾਸਰਾਜ ਸੱਤਿਆਨਾਸ਼ੀ ! ਸਾਲ 2021 ਦੇ ਜੂਨ ਮਹੀਨੇ ਵਿੱਚ ਉਹ ਕੋਰੋਨਾ ਦਾ ਸ਼ਿਕਾਰ ਹੋ ਕੇ ਨਕੋਦਰ ਦੇ ਬੱਸ ਅੱਡੇ ‘ਤੇ ਹੀ ਮਰ ਗਿਆ ਸੀ ਤੇ ਬੱਸਾਂ-ਟੈਂਪੂਆਂ ਵਾਲਿਆਂ ਨੇ ਹੀ ਉਸ ਦੀਆਂ ਆਖ਼ਰੀ ਰਸਮਾਂ ਪੂਰੀਆਂ ਕੀਤੀਆਂ ਸਨ। ਇਹ ਬੱਸ ਅੱਡਾ ਹੀ ਉਸ ਦਾ ਘਰ ਸੀ। ਹੁਣ ਉਸ ਦੀ ਚਿੱਠੀ ਆਈ ਹੈ !**

ਮੇਰੇ ਪਿਆਰੇ ਦੋਸਤ ਰਿਸ਼ੀ!

ਤੈਨੂੰ ਹੈਰਾਨੀ ਤਾਂ ਬਹੁਤ ਹੋਈ ਹੋਊਗੀ ਮੇਰੀ ਚਿੱਠੀ ਦੇਖ ਕੇ! ਪੂਰੇ ਚਾਰ ਸਾਲ ਹੋਣ ਲੱਗੇ ਐ ਮੈਨੂੰ ਇੱਧਰ ਆਏ ਨੂੰ ਤੇ ਤੈਨੂੰ ਕਦੀ ਮੇਰੀ ਯਾਦ ਨਹੀਂ ਆਈ। ਮੈਂ ਇਕ ਵਾਰ ਤੇਰੇ ਘਰੇ ਗਿਆ ਸੀ ਤੇਰੇ ਪਿੰਡ ਤੇ ਉੱਥੇ ਤੇਰੀ ਮੰਮੀ ਮਿਲੀ ਸੀ ਤੇ ਉਹਨੇ ਮੈਨੂੰ ਦੱਸਿਆ ਸੀ ਕਿ ਤੂੰ ਕਨੇਡਾ ਭੱਜ ਗਿਐਂ। ਦੋਸਤਾ! ਤੈਨੂੰ ਕੀ ਜਾਣ ਦੀ ਲੋੜ ਪੈ ਗਈ ਸੀ ਕਨੇਡੇ? ਤੂੰ ਚੰਗਾ ਭਲਾ ਵੱਡਾ ਮਾਸਟਰ ਲੱਗਿਆ ਹੋਇਆ ਸੀ ਤੇ ਮਗਰੋਂ ਅਖ਼ਬਾਰਾਂ ਵਿੱਚ ਜਾ ਲੱਗਿਆ ਸੀ ਤੇ ਫੇ ਤੈਨੂੰ ਵੀ ਜੱਟਾਂ ਵਾਲੀ ਬਾਹਰ ਜਾਣ ਦੀ ਬਿਮਾਰੀ ਕਿਵੇਂ ਲੱਗ ਗਈ?

ਮਿੱਤਰਾ, ਮੈਂ ਉਹ ਦਿਨ ਯਾਦ ਕਰਦਾਂ ਜਦ ਆਪਾਂ ਦੋਵੇਂ ਗੰਨੇ ਦਾ ਰਸ ਪੀਂਦੇ ਹੁੰਦੇ ਸੀ ਤੇ ਲੋਕਾਂ ਦੀਆਂ ਸ਼ਕਲਾਂ ਦੇਖ ਦੇਖ ਕੇ ਹੱਸਦੇ ਹੁੰਦੇ ਸੀ। ਮੈਂ ਇਧਰ ਆਉਣ ਮਗਰੋਂ ਇਕ ਦਿਨ ਤੈਨੂੰ ਯਾਦ ਕਰਦਾ ਜਾ ਰਿਹਾ ਸੀ ਤੇ ਅੱਗੋਂ ਤੇਰੀ ਮੰਮੀ ਮੈਨੂੰ ਮਿਲ ਗਈ। ਮੈਨੂੰ ਬੜਾ ਹਾਸਾ ਆਇਆ ਜਦੋਂ ਉਹ ਮੈਨੂੰ ਪਛਾਣ ਕੇ ਕਹਿਣ ਲੱਗੀ ਤੁਸੀਂ ਨਕੋਦਰ ਵਾਲੇ ਸੱਤਿਆਨਾਸ਼ੀ ਹੀ ਹੋ? ਮੈਂ ਤੇਰੀ ਮੰਮੀ ਨੂੰ ਕਿਹਾ ਕਿ ਨਕੋਦਰ ਵਾਲੇ ਹੀ ਸੱਤਿਆਨਾਸ਼ੀ ਹੋ ਸਕਦੇ ਨੇ ਤੇ ਮੈਂ ਪੁੱਛਿਆ ਕਿ ਤੁਸੀਂ ਕਦੋਂ ਇਧਰ ਆਏ? ਉਹਨੇ ਦੱਸਿਆ ਕਿ ਦੋ ਸਾਲ ਹੋਣ ਵਾਲੇ ਐ। ਮੈਂ ਕਿਹਾ ਚੰਗਾ ਹੋ ਗਿਆ ਤੁਸੀਂ ਇਧਰ ਆ ਗਏ. ਜੀ ਆਇਆਂ ਨੂੰ! ਮੈਂ ਉਹਨੂੰ ਪੁੱਛਿਆ ਕਿ ਰਿਸ਼ੀ ਦਾ ਡੈਡੀ ਕਿਥੇ ਹੁੰਦਾ? ਤੇਰੀ ਮੰਮੀ ਕਹਿੰਦੀ ਉਹ ਵੀ ਇਧਰ ਈ ਹੁੰਦੇ ਐ ਤੇ ਉਹ ਕਾਫੀ ਸਾਲ ਪਹਿਲਾਂ ਆ ਗਏ ਸਨ। ਮੈਂ ਕਿਹਾ ਕਿ ਤੁਸੀਂ ਦੋਵੇਂ ਆ ਗਏ ਓ ਤੇ ਰਿਸ਼ੀ ਨੂੰ ਵੀ ਸੱਦ ਲਉ ਹੁਣ! ਤੇਰੀ ਮੰਮੀ ਦਾ ਮੂੰਹ ਇਉਂ ਹੋ ਗਿਆ ਜਿਵੇਂ ਕੁਨੈਣ ਦੀ ਗੋਲੀ ਚੱਬ ਲਈ ਹੋਵੇ ਤੇ ਕਹਿਣ ਲੱਗੀ - ਰਿਹਾ ਨਾ ਮਨਹੂਸ ਦਾ ਮਨਹੂਸ...ਮਰ ਜਾਣਿਆ ਰਿਸ਼ੀ ਕਾਹਨੂੰ ਆ ਜਾਵੇ ਇਥੇ...ਉਹ ਸਾਨੂੰ ਲੈ ਕੇ ਗਿਆ ਸੀ ਕਨੇਡੇ ਆਪਣੇ ਨਾਲ? ਰਹੇ ਜਿੱਥੇ ਮਰਜ਼ੀ! ਖ਼ਬਰਦਾਰ ਜੇ ਮੁੜ ਕੇ ਰਿਸ਼ੀ ਨੂੰ ਇਧਰ ਸੱਦਣ ਦੀ ਗੱਲ ਕੀਤੀ ਤਾਂ! ਨਹਿਸ਼ੀ ਕਿਸੇ ਥਾਂ ਦਾ!

ਰਿਸ਼ੀ ਭਾਈ, ਤੇਰੀ ਮਾਤਾ ਤਾਂ ਗੁੱਸਾ ਈ ਕਰ ਗਈ ਮੇਰੀ ਗੱਲ ਦਾ! ਮੈਨੂੰ ਨਾਮ ਤੋਂ ਗੱਲ ਯਾਦ ਆ ਗਈ। ਮੈਂ ਤੇਰੀ ਮੰਮੀ ਨਾਲ ਬਹੁਤ ਗੱਲਾਂ ਕੀਤੀਆਂ। ਉਹ ਮੈਨੂੰ ਪੁੱਛਣ ਲੱਗੀ ਕਿ ਮੈਂ ਤੈਨੂੰ ਕਿਵੇਂ ਜਾਣਦਾ ਸੀ। ਮੈਂ ਦੱਸਿਆ ਕਿ ਰਿਸ਼ੀ ਤਾਂ ਮੈਨੂੰ ਆਪਣੇ ਕਾਲਜ ਦੇ ਜ਼ਮਾਨੇ ਤੋਂ ਜਾਣਦਾ ਸੀ। ਅਸੀਂ ਕਈ ਵਾਰ ‘ਕੱਠਿਆਂ ਨੇ ਛੋਲੇ-ਕੁਲਚੇ, ਭਟੂਰੇ-ਛੋਲੇ ਖਾਧੇ ਤੇ ਗੰਨੇ ਦੇ ਰਸ ਪੀਤੇ। ਤੇਰੀ ਮੰਮੀ ਬੜੀ ਹੈਰਾਨ ਹੋਈ ਬਈ ਮੈਂ ਤੇਰਾ ਦੋਸਤ ਸੀ। ਮੈਂ ਦੱਸਿਆ ਕਿ ਤੂੰ ਆਪਣੇ ਵਿਆਹ ‘ਤੇ ਮੈਨੂੰ ਦੋ ਸੌ ਰੁਪਈਏ ਦਿੱਤੇ ਸੀ। ਮੈਂ ਪੁੱਛਿਆ ਤੇਰੀ ਮੰਮੀ ਨੂੰ ਕਿ ਤੁਸੀਂ ਆਪਣੇ ਮੁੰਡੇ ਦਾ ਨਾਮ ਰਿਸ਼ੀ ਕਿਉਂ ਰੱਖਿਆ ਸੀ। ਉਹ ਕਹਿੰਦੀ, ਬਚਪਨ ਵਿੱਚ ਤੂੰ ਬਹੁਤ ਸਾਊ ਹੁੰਦਾ ਸੀ ਤੇ ਤੇਰੇ ਬਾਬੇ ਨੇ ਤੇਰਾ ਨਾਮ ਰਿਸ਼ੀ ਮੁਨੀ ਰੱਖਤਾ ਸੀ। ਸਕੂਲ ਵਿੱਚ ਜਾ ਕੇ ਮੁਨੀ ਕਟਵਾ ਦਿੱਤਾ ਤੇ ਰਿਸ਼ੀ ਰਹਿ ਗਿਆ। ਬੱਸ ਰਿਸ਼ੀ, ਮੈਂ ਤੇਰੀ ਮੰਮੀ ਨੂੰ ਦੱਸਿਆ ਨਹੀਂ ਕਿ ਤੂੰ ਕਿੱਡਾ ਕੁ ਰਿਸ਼ੀ - ਮੁਨੀ ਸੀ। ਤੇਰੇ ਰਿਸ਼ੀ ਹੋਣ ਬਾਰੇ ਕਿਸੇ ਨੂੰ ਜੇ ਭੁਲੇਖਾ ਹੋਵੇ ਤਾਂ ਮੈਨੂੰ ਪੁੱਛੇ! ਰਾਖਸ਼ਸ ਸੀ ਤੂੰ ਰਾਖਸ਼ਸ! ਮੇਰਾ ਨਾਮ ਤਾਂ ਨਾਸਰਾਜ ਸੱਤਿਆਨਾਸ਼ੀ ਹੈ ਹੀ ਸੀ ਤੇ ਤੇਰਾ ਵੀ ਇਹਦੇ ਨਾਲ ਹੀ ਮਿਲਦਾ ਜੁਲਦਾ ਹੋਣਾ ਚਾਹੀਦਾ ਸੀ।ਨਕੋਦਰ ਬੱਸ ਅੱਡੇ ‘ਤੇ ਇਕ ਰਿਕਸ਼ੇ ਵਾਲਾ ਹੁੰਦਾ ਸੀ ਆਪਣਾ ਯਾਰ... ਅਮੀਰੁੱਦੀਨ। ਉਹ ਵੀ ਆ ਗਿਆ ਹੁਣ ਇਧਰ। ਉਹਦਾ ਨਾਮ ਦੇਖ ਲਉ...ਅਖੇ ਅਮੀਰੁੱਦੀਨ: ਤੇ ਚਲਾਉਂਦਾ ਸੀ ਸਾਰਾ ਦਿਨ ਰਿਕਸ਼ਾ। ਜਿੱਦਾਂ ਦਾ ਹੁਣ ਜ਼ਮਾਨਾ ਆ ਗਿਆ ਤੁਹਾਡੀ ਧਰਤੀ ‘ਤੇ, ਤੁਹਾਡੇ ਨਾਮ ਵੀ ਹੁਣ ਇਸੇ ਤਰ੍ਹਾਂ ਦੇ ਹੋਇਆ ਕਰਨੇ ਐਂ। ਤੁਹਾਡੇ ਨਾਮ ਹੁਣ ਟੈਕਨੌਲੋਜੀ ‘ਤੇ ਬੇਸਡ ਹੋਇਆ ਕਰਨੇ ਐਂ। ਕਿਸੇ ਨੇ ਕਿਹਾ ਕਰਨਾ ਸਾਡੀ ਫੇਸਬੁੱਕ ਤਾਂ ਰਾਤੀਂ ਗੁਆਂਢੀਆਂ ਦੇ ਟਿਕ ਟੌਕ ਨਾਲ ਭੱਜ ਗਈ; ਮੂੰਹ ਕਾਲਾ ਕਰਵਾ ਗਈ ਸਾਡਾ ਤਾਂ! ਗਿਆਰਾਂ ਵਜੇ ਤੱਕ ਤਾਂ ਟੀਵੀ ਦੇਖ ਰਹੀ ਸੀ...ਜਾਣ ਲੱਗੀ ਦਾ ਤਾਂ ਪਤਾ ਹੀ ਨਹੀਂ ਲੱਗਿਆ। ਜਾਂਦੀ ਹੋਈ ਆਪਣੇ ਨਾਲ ਆਈਫੋਨ, ਲੈਪਟੌਪ ਤੇ ਆਈਪੈਡ ਵੀ ਲੈ ਗਈ ਐ। ਬਰਾੜਾਂ ਦਾ ਸੈਮਸੰਗ ਤਾਂ ਸਿੱਧੂਆਂ ਦੇ ਆਈਫੋਨ ਨਾਲੋਂ ਚੰਗਾ ਲੱਗਦਾ....ਬਹੁਤ ਪੜ੍ਹ ਗਿਆ ਉਹ ਭਾਈ! ਲੈ ਦੱਸ! ਬਾਜਵਿਆਂ ਕੇ ਵਟਸਐਪ ਦੀ ਫਲਾਣਿਆਂ ਦੀ ਇੰਸਟਾ ਨਾਲ ਈਲੂ ਈਲੂ ਸ਼ੁਰੂ ਹੋ ਗਈ ਐ। ਮੋਗੇ ਵਾਲਾ ਗੂਗਲ ਅੱਜ ਕੱਲ ਫਰੀਦਕੋਟ ਕੇ ਡਕ ਡਕ ਗੋ ਨਾਲ ਟਿਮ ਹੌਰਟਨ ‘ਤੇ ਬੈਠਾ ਹੁੰਦਾ, ਚੁੰਝ ਵਿੱਚ ਚੁੰਜ ਫਸਾਈ! ਕੈਸਾ ਜ਼ਮਾਨਾ ਆਉਣ ਵਾਲੈ, ਪਿਆਰੇ ਰਿਸ਼ੀ!

ਮੈਨੂੰ ਤੇਰੀ ਟੀਚਰ ਸੱਤਿਆ ਭੈਣ ਜੀ ਮਿਲੀ ਸੀ ਇਕ ਦਿਨ। ਮੈਂ ਉਹਨੂੰ ਨਕੋਦਰ ਬੱਸ ਅੱਡੇ ‘ਤੇ ਕਈ ਵਾਰ ਪਾਣੀ ਪਿਲਾਇਆ ਸੀ। ਉਹ ਮੈਨੂੰ ਕਹਿੰਦੀ ਹੁੰਦੀ ਸੀ - ਵੇ ਗਲਾਸ ਮਾਂਜ ਕੇ ਲਿਆਈਂ ਪਰ ਮੈਂ ਕਦੀ ਨਾ ਮਾਂਜ ਕੇ ਲਿਆਂਦਾ! ਮੈਨੂੰ ਪਛਾਣ ਕੇ ਕਹਿੰਦੀ - ਵੇ ਨਹਿਸ਼ੀਆ, ਤੂੰ ਕਦੋਂ ਆਇਆਂ? ਮੈਂ ਦੱਸਿਆ ਕਿ ਤੁਹਾਡੇ ਤੋਂ ਦੋ ਸਾਲ ਪਹਿਲਾਂ ਆ ਗਿਆ ਸੀ ਤਾਂ ਕਿ ਤੁਹਾਡੇ ਲਈ ਥਾਂ ਬਣਾ ਦੇਵਾਂ। ਬੜੀਆਂ ਗਾਲ੍ਹਾਂ ਕੱਢੀਆਂ ਉਹਨੇ ਮੈਨੂੰ! ਤੈਨੂੰ ਚੇਤਾ ਹੋਣੈ ਉਹ ਆਪਣੇ ਨਾਲ ਤਿੰਨ ਭਤੀਜਿਆਂ ਨੂੰ ਕਦੀ ਕਦੀ ਲਿਆਉਂਦੀ ਹੁੰਦੀ ਸੀ ਸਕੂਲੇ। ਤੂੰ ਵੀ ਉਹਨਾਂ ਦੇ ਨਾਮ ਰੱਖੇ ਹੁੰਦੇ ਸੀ - ਸਭ ਤੋਂ ਛੋਟੇ ਦਾ ਨਾਮ ਸੀ ਮੁਗ਼ਲੇ ਆਜ਼ਮ, ਦੂਜਾ ਸੀ ਸ਼ਹਿਨਸ਼ਾਹ ਤੇ ਸਭ ਤੋਂ ਵੱਡਾ ਹੁੰਦਾ ਸੀ ਸਿਕੰਦਰ। ਮੈਂ ਤੇਰੀ ਸੱਤਿਆ ਭੈਣ ਜੀ ਨੂੰ ਪੁੱਛ ਬੈਠਾ ਬਈ ਉਹ ਤਿੰਨੇ ਬਾਦਸ਼ਾਹ ਨਹੀਂ ਆਏ ਇਧਰ? ਤੇਰੀ ਸੱਤਿਆ ਭੈਣ ਜੀ ਨੇ ਚੱਪਲ ਲਾਹ ਕੇ ਮੇਰੀ ਪਿੱਠ ‘ਤੇ ਉਸੇ ਤਰ੍ਹਾਂ ਮਾਰੀ ਜਿਵੇਂ ਉਹ ਤੁਹਾਡੇ ਸਕੂਲੇ ਤੁਹਾਨੂੰ ਮਾਰਦੀ ਹੁੰਦੀ ਸੀ। ਮੈਨੂੰ ਕਹਿੰਦੀ ਤੂੰ ਮਰ ਕੇ ਵੀ ਨਹਿਸ਼ੀ ਗੱਲਾਂ ਕਰਨੋ ਨਾ ਹਟਿਆ। ਮੈਂ ਫਿਰ ਪੁੱਛਿਆ ਕਿ ਚਲੋ ਨਾ ਸਹੀ, ਦੱਸੋ ਤਾਂ ਸਹੀ ਉਹ ਤਿੰਨੇ ਕਰਦੇ ਕੀ ਹੁੰਦੇ ਐ? ਮੇਰਾ ਬੜਾ ਹਾਸਾ ਨਿਕਲਿਆ ਸੁਣ ਕੇ, ਰਿਸ਼ੀ! ਸੱਤਿਆ ਭੈਣ ਜੀ ਕਹਿੰਦੀ - ਸ਼ਹਿਨਸ਼ਾਹ ਅੱਜਕੱਲ ਹਦਵਾਣੇ ਵੇਚਦਾ ਜਲੰਧਰ, ਸਿਕੰਦਰ ਜੇਬ ਕੱਟਦਾ ਫੜਿਆ ਗਿਆ ਸੀ ਤੇ ਅੱਜਕੱਲ ਅੰਦਰ ਐ, ਉਹਦੀ ਜ਼ਮਾਨਤ ਨਹੀਂ ਦੇ ਰਿਹਾ ਕੋਈ ਤੇ ਮੁਗ਼ਲੇ ਆਜ਼ਮ ਬਾਰੇ ਦੱਸਿਆ ਉਹਨਾਂ ਨੇ ਕਿ ਸਰਕਾਰੀ ਸਕੂਲੇ ਚਪੜਾਸੀ ਲੱਗ ਗਿਆ ਐ ਤੇ ਸਰਕਾਰੀ ਨੌਕਰੀ ਕਰ ਰਿਹੈ। ਦੱਸ ਰਿਸ਼ੀ, ਤੂੰਹੀਓ ਦੱਸ ਪਈ ਨਾਮਾਂ ਵਿੱਚ ਕੁੱਝ ਰੱਖਿਆ ਭਲਾ?...ਮੇਰਾ ਨਾਮ ਰੱਖਤਾ ਲੋਕਾਂ ਨੇ ਸੱਤਿਆਨਾਸ਼ੀ, ਪਰ ਕੀ ਖੱਟਿਆ ਲੋਕਾਂ ਨੇ! ਮੇਰਾ ਨਾਮ ਤਾਂ ਮੈਨੂੰ ਆਪ ਨਹੀਂ ਸੀ ਪਤਾ ਕਿ ਕੀ ਰੱਖਿਆ ਸੀ। ਮੈਨੂੰ ਕੀ ਫਰਕ ਪਿਆ ਇਸ ਗੱਲ ਦਾ?

ਫਰੀਦਕੋਟ ਦੀ ਗੱਲ ਐ। ਇਕ ਵਾਰ ਮੈਂ ਗਿਆ ਬਾਬਾ ਫਰੀਦ ਦੇ ਮੇਲੇ ‘ਤੇ ਉਥੇ! ਫਰੀਦਕੋਟ ਦੇ ਬੱਸ ਅੱਡੇ ‘ਤੇ ਇਕ ਬੰਦਾ ਗਾ ਗਾ ਕੇ ਵਾਂਜਾਂ ਮਾਰੇ - ਇਹ ਜਾਊ ਭਾਈ ਬਠਿੰਡੇ ਤੇ ਉਹ ਚੱਲੀ ਜਲੰਧਰ; ਚੜ੍ਹ ਜਾਉ ਛੇਤੀ ਛੇਤੀ ਤੇ ਬਹਿ ਜਾਓ ਇਹਦੇ ਅੰਦਰ! ਬੇਚਾਰਾ ਉਹ ਬੰਦਾ ਸਾਰਾ ਸਾਰਾ ਦਿਨ ਹੇਕਾਂ ਦਿੰਦਾ ਗਲਾ ਖੁਸ਼ਕ ਕਰਾਈ ਫਿਰਦਾ ਰਹਿੰਦਾ। ਮੇਲਿਆਂ ‘ਤੇ ਉਹ ਗਾਉਂਦਾ ਫਰਦਾ ਤੇ ਲੋਕਾਂ ਕੋਲੋਂ ਜ਼ਬਰਦਸਤੀ ਤਾਰੀਫ਼ ਕਰਵਾਉਂਦਾ ਤੇ ਉਹਨਾਂ ਕੋਲੋਂ ਦੋ-ਦੋ. ਚਾਰ-ਚਾਰ ਰੁਪਏ ਲੈ ਕੇ ਆਪਣਾ ਢਿੱਡ ਭਰਦਾ। ਪਤਾ ਰਿਸ਼ੀ, ਉਹਦਾ ਕੀ ਨਾਮ ਸੀ ਭਲਾ? ਉਹਦਾ ਨਾਮ ਹੁੰਦਾ ਸੀ ਤਾਨਸੇਨ! ਦੱਸੋ ਕਿੱਥੇ ਤਾਨਸੇਨ ਉਹ; ਤੇ ਕਿੱਥੇ ਤਾਨਸੇਨ ਆਹ!

ਮੈਨੂੰ ਕਿਸੇ ਨੇ ਦੱਸਿਆ ਕਿ ਤੁਹਾਡੇ ਗੁਆਂਢੀ ਦੇਸ਼ ਅਮਰੀਕਾ ਦੇ ਆਹ ਭੇਡੂ ਜਿਹੇ ਸਦਰ ਨੇ ਧਮਕੀ ਦਿੱਤੀ ਐ ਕਿ ਜੇ ਐਪਲ ਵਾਲਿਆਂ ਨੇ ਇੰਡੀਆ ਵਿੱਚ ਪਲਾਂਟ ਲਾਇਆ ਤਾਂ ਉਹ ਟੈਰਿਫ਼ ਲਾ ਦਊ! ਇਹਨੂੰ ਕੋਈ ਪੁੱਛੇ, ਬਈ ਅਗਲੇ ਔਰੇਂਜ ਦਾ ਪਲਾਂਟ ਲਾ ਲੈਣਗੇ ਜਾਂ ਲੀਚੀ ਦਾ...ਤੂੰ ਕਿਹੜੀ ਕਿਹੜੀ ਚੀਜ਼ ‘ਤੇ ਟੈਰਿਫ਼ ਲਾਉਂਦਾ ਫਿਰੇਂਗਾ? ਮੇਰੇ ਦੋਸਤਾ, ਇਹਨਾਂ ਨੂੰ ਕੀ ਪਤੈ ਕਿ ਇੰਡੀਆ ਕੀ ਚੀਜ਼ ਐ?

ਤੈਨੂੰ ਪਤੈ ਕਿ ਇੰਡੀਆ ਦੇ ਉੱਤਰ ਪ੍ਰਦੇਸ਼ ਦੇ ਸ਼ਹਿਰ ਕਾਨਪੁਰ ਵਿੱਚ ਦੰਦਾਂ ਦੀ ਇਕ ਡਾਕਟਰ ਨੇ ਨੌ ਗੰਜੇ ਇੰਜਨੀਅਰਾਂ ਦੇ ਸਿਰਾਂ ‘ਤੇ ਵਾਲ ਲਗਾਏ ਸਨ ਤੇ ਹੁਣ ਉਹਨਾਂ ਦੇ ਨਿਆਣੇ ਤੇ ਹੋਰ ਨੇੜਲੇ ਰਿਸ਼ਤੇਦਾਰ ਵਿਚਾਰੇ ਆਪ ਗੰਜ ਕਰਵਾਈ ਫਿਰਦੇ ਨੇ? ਇੰਡੀਆ ਦੇ ਕੁਝ ਵਰਗਾਂ ਦੇ ਲੋਕਾਂ ਵਿੱਚ ਰਿਵਾਜ਼ ਹੈ ਕਿ ਕਿ ਜੇ ਉਹਨਾਂ ਦਾ ਕੋਈ ਵੱਡਾ ਵਡੇਰਾ ਮਰ ਜਾਵੇ ਤਾਂ ਉਹ ਸਿਰ ਗੰਜਾ ਕਰਵਾ ਲੈਂਦੇ ਨੇ। ਦੋ ਇੰਜਨੀਅਰਾਂ ਨੇ ਆਪਣੀ ਗੰਜਾਂ ਢਕਣ ਲਈ ਹੇਅਰ ਟ੍ਰਾਂਸਪਲਾਂਟ ਕਰਵਾਏ ਸੀ ਤੇ ਦੋਵਾਂ ਦੇ ਨਿਆਣੇ ਹੁਣ ਵਿਚਾਰੇ ਗੰਜੇ ਹੋਏ ਫਿਰਦੇ ਐ। ਜਿਹੜੀ ਡਾਕਟਰ ਨੇ ਸਰਜਰੀ ਕੀਤੀ ਸੀ ਉਹ ਆਪ ਦੰਦਾਂ ਦੀ ਡਾਕਟਰ ਸੀ। ਨਾਮ ਦੰਦਾਂ ਦੀ ਡਾਕਟਰ, ਇਲਾਜ ਗੰਜ ਦੂਰ ਕਰਨ ਦਾ...ਹੈ ਕੋਈ ਮੇਲ ਇਹ? ਸੱਤਿਆਨਾਸ਼ੀ ਤਾਂ ਇਹ ਡਾਕਟਰਨੀ ਹੋਈ ਤੇ ਨਾਮ ਮੇਰਾ ਰੱਖਿਆ ਲੋਕਾਂ ਨੇ ਸਤਿਆਨਾਸ਼ੀ। ਰਾਜਸਥਾਨ ਦੇ ਸ਼ਹਿਰ ਜੈਪੁਰ ਦੇ ਨਾਲ ਲੱਗਦੇ ਇਕ ਪਿੰਡ ਵਿੱਚ ਗਿਰਧਾਰੀ ਲਾਲ ਤੇ ਓਮ ਪ੍ਰਕਾਸ਼ ਨਾਮ ਦੇ ਦੋ ਭਰਾ ਰਹਿੰਦੇ ਐ। ਉਹਨਾਂ ਦੀ ਮਾਂ ਮਰ ਗਈ ਪਿਛਲੇ ਦਿਨੀਂ 80 ਸਾਲ ਪੂਰੇ ਕਰਕੇ। ਗਿਰਧਾਰੀ ਨਾਮ ਭਗਵਾਨ ਕ੍ਰਿਸ਼ਨ ਦਾ ਐ ਤੇ ਉਹਨਾਂ ਨੇ ਗੀਤਾ ਵਿੱਚ ਗਿਆਨ ਦਿੰਦਿਆਂ ਕਿਹੈ ਕਿ ਮਾਇਆ ਨਾਲ ਨਹੀਂ ਜਾਂਦੀ ਹੁੰਦੀ ਤੇ ਇਸ ਦਾ ਬਹੁਤ ਧਿਆਨ ਨਹੀਂ ਕਰਨਾ ਚਾਹੀਦਾ। ਦੂਜਾ ਨਾਮ ਐ ਓਮ ਪ੍ਰਕਾਸ਼ ਜਿਹਦਾ ਮਤਲਬ ਐ ਰੱਬੀ ਨੂਰ, ਡਿਵਾਇਨ ਲਾਇਟ! ਰੱਬੀ ਨੂਰ ਯਾਨੀ ਡਿਵਾਇਨ ਲਾਇਟ ਹੁਰੀਂ ਕਹਿੰਦੇ ਕਿ ਮਾਤਾ ਚਾਂਦੀ ਦੇ ਕੜੇ ਛੱਡ ਗਈ ਐ, ਕੱਢੋ ਮੇਰਾ ਹਿੱਸਾ। ਭਗਵਾਨ ਕ੍ਰਿਸ਼ਨ ਦੇ ਨਾਮ ਵਾਲਾ ਕਹਿੰਦਾ, ਕਿਹੜੇ ਕੜੇ? ਮਾਂ ਦੀ ਸੇਵਾ ਮੈਂ ਕੀਤੀ ਐ, ਕੜੇ ਤਾਂ ਮੇਰੇ ਐ! ਲਉ ਜੀ ਉਹਨਾਂ ਨੇ ਆਪਣੀ ਬੀਬੀ ਭੂਰੀ ਦੇਵੀ ਦੀ ਲਾਸ਼ ਦੀ ਉਹ ਦੁਰਗਤ ਕੀਤੀ ਕਿ ਰਹੇ ਰੱਬ ਦਾ ਨਾ! ਭਗਵਾਨ ਕ੍ਰਿਸ਼ਨ ਦੇ ਨਾਮ ਵਾਲਾ ਤੇ ਡਿਵਾਇਨ ਲਾਇਟ ਨੇ ਐਸੀਆਂ ਮੋਮਬੱਤੀਆਂ ਬਾਲੀਆਂ ਕਿ ਭੂਰੀ ਦੇਵੀ ਵੀ ਚਿੱਟੀ ਹੋ ਕੇ ਚਮਕੀ। ਦੋ ਘੰਟੇ ਉਹਨੇ ਚਿਤਾ ਨੂੰ ਅੱਗ ਨਾ ਲਾਉਣ ਦਿੱਤੀ। ਅਖੀਰ ਗਿਰਧਾਰੀ ਹੁਰੀਂ ਅੰਦਰੋਂ ਚਾਂਦੀ ਦੇ ਕੜੇ ਲਿਆਏ ਸੱਤ। ਇਕ ਕੜਾ ਦਿੱਤਾ ਡਿਵਾਇਨ ਲਾਇਟ ਨੂੰ ਤਾਂ ਜਾ ਕੇ ਮਾਮਲਾ ਸ਼ਾਂਤ ਹੋਇਆ।

ਮੇਰੇ ਦੋਸਤ, ਤੂੰ ਪੁੱਛੇਂਗਾ ਕਿ ਬੱਸ ਇਕ ਕੜਾ ਈ? ਉਹ ਕਿਉਂ? ਭਾਈ ਗਿਰਧਾਰੀ ਹੁਰੀਂ ਸੱਤ ਭਾਈ ਨੇ, ਸਾਰਿਆਂ ਨੂੰ ਇਕ ਇਕ ਈ ਆਉਣਾ ਸੀ। ਡਿਵਾਇਨ ਲਾਇਟ ਦੇ ਪਿਤਾ ਜੀ ਦੋ ਕੁ ਸਾਲ ਪਹਿਲਾਂ ਆ ਗਏ ਸੀ, ਇਧਰ। ਮੈ ਉਹਨਾਂ ਨੂੰ ਪੁੱਛਿਆ - ਏਨੀ ਨੇਕ ਔਲਾਦ ਪੈਦਾ ਕਰਨ ਲਈ ਕਿਹੜੇ ਕਿਹੜੇ ਯਤਨ ਕਿਤੇ ਸੀ ਤੁਸੀਂ? ਨਾਮ ਓਮ ਪ੍ਰਕਾਸ਼ ਤੇ ਗਿਰਧਾਰੀ ਲਾਲ ਤੇ ਕਰਤੂਤਾਂ ਐਸੀਆਂ ਐਸੀਆਂ ਕਿ ਮਾਂ ਦਾ ਸਸਕਾਰ ਈ ਦੋ ਘੰਟੇ ਨਾ ਹੋਣ ਦਿੱਤਾ ਉਹਨਾਂ ਨੇ! ਉਹਨਾਂ ਦੀ ਮਾਂ ਦੋ ਘੰਟੇ ਲੇਟ ਪਹੁੰਚੀ ਇਧਰ! ਉਹਨਾਂ ਦਾ ਭਾਪਾ, ਇਧਰ ਗੇੜੇ ਨਾ ਮਾਰਨੋਂ ਹਟੇ ਕਿ ਯਮਰਾਜ ਦਾ ਝੋਟਾ ਲੇਟ ਕਿਉਂ ਹੋ ਗਿਆ? ਪਤਾ ਜੇ, ਕੀ ਨਾਮ ਸੀ ਗਿਰਧਾਰੀ ਲਾਲ ਤੇ ਓਮ ਪ੍ਰਕਾਸ਼ ਦੇ ਭਾਪਾ ਜੀ ਦਾ? ਉਹਨਾਂ ਦਾ ਨਾਮ ਸੀ ਛਿੱਤਰ ਮੱਲ... ਤੇ ਛਿੱਤਰ ਦੇ ਮੱਲਾਂ ਨੇ ਛਿੱਤਰੀਂ ਕੜੇ ਵੰਡੇ ਫੇ! ਨਾਮ ਦਾ ਵੀ ਕੁਝ ਮਤਲਬ ਹੁੰਦਾ ਐ ਰਿਸ਼ੀ ਬਾਬੂ! ਲੈ ਇਕ ਹੋਰ ਮਜ਼ੇਦਾਰ ਗੱਲ ਸੁਣ ਲੈ ਹੁਣ! ਨੇਪਾਲ ਦੀ ਖ਼ਬਰ ਐ, ਮੇਰੇ ਵੀਰਿਆ। ਉੱਥੇ ਇਕ ਚਿਤਵਨ ਨੈਸ਼ਨਲ ਪਾਰਕ ਐ। ਪਾਰਕ ਦੇ ਨੇੜੇ ਇਕ ਖੁੱਲ੍ਹੀ ਥਾਂ ‘ਤੇ ਕਿਸੇ ਪਰਿਵਾਰ ਨੇ ਵਿਆਹ ਰੱਖ ਲਿਆ। ਰਾਤ ਦਾ ਵਿਆਹ ਸੀ। ਗੀਤ ਸੰਗੀਤ ਚੱਲ ਰਿਹਾ ਸੀ। ਇੰਡੀਆ ਵਿੱਚ ਇਕ ਟੀਵੀ ਡਰਾਮਾ ਚੱਲਦਾ ਹੁੰਦਾ ਸੀ ਤੇ ਉਹਦਾ ਨਾਮ ਸੀ ਸਸੁਰਾਲ ਗੇਂਦਾ ਫੂਲ। ਹੁਣ ਮੈਂ ਤੈਨੂੰ ਨਾਮ ਦਾ ਮਹਤੱਵ ਦੱਸਣ ਲੱਗਿਆਂ। ਇਸ ਨਾਟਕ ਦਾ ਨਾਮ ਐ ਸਸੁਰਾਲ ਗੇਂਦਾ ਫੂਲ - ਮਤਲਬ ਹੋਇਆ ਕਿ ਸਹੁਰਿਆਂ ਦਾ ਘਰ ਗੇਂਦੇ ਦੇ ਫੁੱਲ ਵਰਗਾ ਹੁੰਦੈ। ਇਹਦੇ ਵਿੱਚ ਇਕ ਗੀਤ ਵੀ ਐ ਸਸੁਰਾਲ ਗੇਂਦਾ ਫੂਲ! ਲਉ ਜੀ ਇਹ ਗਾਣਾ ਚੱਲ ਰਿਹਾ ਸੀ, ਅਚਾਨਕ ਬਿਜਲੀ ਚਲੀ ਗਈ! ਗਾਣਾ ਬੈਟਰੀ ਦੇ ਸਿਸਟਮ ‘ਤੇ ਚੱਲ ਦਾ ਰਿਹਾ - ਸਸੁਰਾਲ ਗੇਂਦਾ ਫੂਲ ਪਰ ਬਲਬ ਤੇ ਰੋਸ਼ਨੀ ਬੰਦ! ਹਨੇਰ ਘੁੱਪ! ਨੇੜੇਲੇ ਨੈਸ਼ਨਲ ਪਾਰਕ ਵਿਚੋਂ ਇਕ ਗੈਂਡਾ - ਭੋਜਨ ਸੁੰਘ ਕੇ ਗੇਟ ਤੋੜ ਕੇ ਵਿਆਹ ਵਾਲੀ ਥਾਂ ‘ਤੇ ਆ ਗਿਆ। ਗਾਣਾ ਚੱਲੀ ਜਾਵੇ - ਸਸੁਰਾਲ ਗੇਂਦਾ ਫੂਲ ...ਗੈਂਡਾ ਕਹੇ ਮੈਨੂੰ ‘ਵਾਜ਼ਾਂ ਮਾਰ ਰਹੇ ਐ...ਗੇਂਦੇ ਨੂੰ ਉਹ ਗੈਂਡਾ ਸਮਝ ਗਿਆ। ਲਉ ਜੀ, ਪੰਜ ਸੱਤ ਬਰਾਤੀ ਤਾਂ ਸਸੁਰਾਲ ਦੇ ਗੇਂਦੇ ਹੇਠ ਆ ਗਏ..ਮੇਰਾ ਮਤਲਵ ਐ ਕਿ ਗੈਂਡੇ ਹੇਠ ਆ ਗਏ ਤੇ ਹੱਡੀਆਂ-ਪਸਲੀਆਂ ਭਨਵਾ ਬੈਠੇ! ਗੈਂਡਾ ਸਾਰਾ ਹਲਵੇ ਪੂਰੀਆਂ ਨਿਬੇੜ ਗਿਆ ਤੇ ਜਦੋਂ ਬੱਤੀ ਆਈ ਤੇ ਦੇਖਿਆ ਕਿ ਸੁਸਰਾਲ ਗੈਂਡਾ ਫੂਲ ਬਣਿਆ ਬੈਠਾ ਸੀ। 9 ਐਂਬੂਲੈਂਸਾਂ ਵਿੱਚ ਬਰਾਤ ਮੁੜ ਕੇ ਗਈ!

ਸੋ ਮੇਰੇ ਢਿੱਡੋਂ ਜੰਮੇ ਸਕੇ ਭਰਾ, ਰਿਸ਼ੀ ਬਾਬੂ! ਨਾਮ ਬਹੁਤ ਮਹਤਵਪੂਰਨ ਹੁੰਦੇ! ਆਪਣੇ ਨਿਆਣਿਆਂ ਦੇ ਨਾਮ ਧਿਆਨ ਨਾਲ ਰੱਖੀਂ! ‘ਤੇ ਜੇ ਕਦੀ ਚੇਤਾ ਭੁੱਲ ਜਾਵੇ ਤਾਂ ਸਸੁਰਾਲ ਗੇਂਦਾ ਫੂਲ ਦਾ ਗੀਤ ਜ਼ਰੂਰ ਸੁਣ ਲਵੀਂ!

ਚੰਗਾ...ਮੇਰੇ ਵੀਰ!
ਤੇਰਾ ਦੋਸਤ,
ਨਾਸਰਾਜ ਸੱਤਿਆਨਾਸ਼ੀ

# ਉਹ "ਸੰਨੀ ਡੇਅ" ਵਰਗੀ ਕਵਿਤਾ ਲਿਖਦਾ ਹੈ- ਜਸਵੀਰ ਸਿੰਘ ਰਾਣਾ

ਉਸਦਾ ਪੂਰਾ ਨਾਂ ਸਵਿੰਦਰ ਸਿੰਘ ਧਾਲੀਵਾਲ ਹੈ। ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਹ ਸੰਨੀ ਧਾਲੀਵਾਲ ਹੋ ਗਿਆ ਹੈ। ਉਸਦੀ ਕਾਵਿ ਪੁਸਤਕ ਵਿੱਚ ਦਰਜ਼ ਕਵਿਤਾ ਖ਼ਾਲੀ ਆਲਣਾ ਆਖਰੀ ਉਮਰੇ ਆਪਣੇ ਆਪ ਨੂੰ ਪੈਰੀਂ ਪਹਿਨ ਕੇ ਤੁਰਨ ਦਾ ਅਹਿਸਾਸ ਕਰਵਾਉਂਦੀ ਹੈ। ਇਹ ਕਵਿਤਾ ਆਪਣੇ ਆਪ ਨੂੰ ਉੱਪਰ ਤਾਣ ਕੇ ਸੌਂ ਜਾਣ ਵਰਗਾ ਅਹਿਸਾਸ ਕਰਵਾਉਂਦੀ ਹੈ। ਇਸ ਕਾਵਿ ਪੁਸਤਕ ਦੀਆਂ ਤਮਾਮ ਕਵਿਤਾਵਾਂ ਖੂਬਸੂਰਤ ਜ਼ਿੰਦਗੀ ਦੀ ਤਲਾਸ਼ ਵਿਚ ਤੁਰਦੇ ਮਨੁੱਖ ਦੀ ਸੰਘਰਸ਼ੀ ਗਾਥਾ ਦਾ ਕਾਵਿ ਪ੍ਰਵਚਨ ਸਿਰਜਦੀਆਂ ਹਨ। ਸੰਨੀ ਦੀਆਂ ਕਹਾਣੀਆਂ ਵਿੱਚ ਇਕ ਖੂਬਸੂਰਤ ਲੰਬੀ ਕਵਿਤਾ ਹੁੰਦੀ ਹੈ। ਉਸ ਦੀਆਂ ਕਵਿਤਾਵਾਂ ਵਿੱਚ ਇਕ ਖੂਬਸੂਰਤ ਲੰਬੀ ਕਹਾਣੀ ਹੁੰਦੀ ਹੈ। ਇਹ ਉਸਦੀ ਵੱਖਰੀ ਲਿਖਣ ਕਲਾ ਦਾ ਵਿਸ਼ੇਸ਼ ਗੁਣ ਹੈ।
ਉਸਦੀ ਦੂਜੀ ਕਾਵਿ ਪੁਸਤਕ ਮੈਂ ਕੰਮੀਆਂ ਦੀ ਕੁੜੀ ਦੀ ਇਸ ਨਾਂ ਵਾਲੀ ਕਵਿਤਾ ਜਾਤੀ ਪ੍ਰਬੰਧ ਉੱਪਰ ਕਰਾਰਾ ਪ੍ਰਹਾਰ ਕਰਦੀ ਹੈ। ਸਿੱਖਿਆ ਨਾਲ ਸਮਾਜ ਵਿੱਚ ਸਥਾਨ ਬਦਲਨ ਨਾਲ ਜਾਤੀ ਗੌਰਵ ਦੀ ਉਚ ਨੀਚ ਕਿਵੇਂ ਆਪਣੀ ਪੁੱਠ ਸਿੱਧ ਗੁਆ ਬੈਠਦੀ ਹੈ। ਸੰਨੀ ਧਾਲੀਵਾਲ ਇਸ ਸੰਕਟ ਦੀ ਪਿੱਠ ਭੂਮੀ ਵਿੱਚ ਪਈ ਕਾਣ ਨੂੰ ਸਮਕਾਲ ਨਾਲ ਮੇਚ ਕੇ ਨਾਰੀ ਸ਼ਕਤੀ ਦਾ ਨਵਾਂ ਆਯਾਮ ਸਿਰਜਦਾ ਹੈ। ਉਸਦੀ ਕਵਿਤਾ ਦੇ ਕੇਂਦਰ ਵਿੱਚ ÷ ਰਣਸੀਂਹ ਪਿੰਡ ÷ ਰੰਗ ਰੂਪ ਵਟਾ ਵਟਾ ਵਾਰ ਵਾਰ ਆਉਂਦਾ ਹੈ। ਉਸਦੀ ਕਵਿਤਾ ਵਿੱਚ ਪਿੰਡ ਬੰਦੇ ਨੂੰ ਸਾਂਭਦਾ ਹੈ। ਪਿੰਡ ਉਸਦੀ ਸਾਨਾਖਤ ਕਰਦਾ ਹੈ। ਪਿੰਡ ਦਾ ਸਕੂਲ, ਮਾਸਟਰ, ਭਾਸ਼ਾ, ਸੱਭਿਆਚਾਰ, ਰਿਸ਼ਤਾ ਨਾਤਾ ਪ੍ਰਬੰਧ ਤੇ ਪੰਜਾਬੀ ਜੀਵਨ ਝਾਕੀ ਦਾ ਜੀਵੰਤ ਦ੍ਰਿਸ਼ ਉਸਦੀ ਕਵਿਤਾ ਵਿੱਚ ਧੜਕਣ ਪੈਦਾ ਕਰਦਾ ਹੈ। ਮੈਂ ਕੀ ਪੜ੍ਹਾਂ ਕਵਿਤਾ ਵਿੱਚ ਉਹ ਲਿਖਦਾ ਹੈ:-

ਭਾਵੇਂ ਬੱਦਲਵਾਈ ਹੋਵੇ
ਜਾਂ "ਸੰਨੀ ਡੇਅ"
ਤੂੰ ਮੈਨੂੰ ਫੋਨ ਕਰਦੀ ਹੈਂ
ਟੈਕਸਟ ਮੈਸੇਜ ਭੇਜਦੀ ਹੈਂ
ਕਿ ਮੈਂ ਕੀ ਪੜ੍ਹਾਂ ?
ਚੱਲ ਲੈ ਸੁਣ ਫਿਰ
ਜੇ ਤਾਂ ਤੂੰ
ਰਣਸੀਂਹ ਤੋਂ ਮੋਗਾ
ਮੋਗੇ ਤੋਂ ਬਠਿੰਡਾ
ਬਠਿੰਡੇ ਤੋਂ ਮਾਨਸਾ
ਮਾਨਸੇ ਤੋਂ ਟੱਲੇਵਾਲ
ਤੇ ਟੱਲੇਵਾਲ ਤੋਂ ਵਾਪਸ
ਰਣਸੀਂਹ ਆਉਣਾ
ਤਾਂ ਤੂੰ
ਜਸਵੰਤ ਕੰਵਲ
ਅਜਮੇਰ ਔਲਖ
ਗੁਰਦਿਆਲ ਸਿੰਘ
ਵਰਗੇ ਬਹੁਤ ਵਧੀਆ
ਲਿਖਾਰੀਆਂ ਨੂੰ ਪੜ੍ਹ
ਰਣਸੀਂਹ ਜਾਂ ਟੱਲੇਵਾਲ ਰਹਿ ਤੇ
ਐਸ਼ ਕਰ
ਕਿਸੇ "ਸੰਨੀ ਡੇਅ" ਵਾਲੇ ਦਿਨ
ਤੂੰ ਇੱਥੋਂ ਸ਼ੁਰੂ ਕਰ...!

ਇਹ ਕਾਵਿ ਸਤਰਾਂ ਉਸਦੀ ਕਵਿਤਾ ਦੀ ਉਹ ਕੁੰਜੀ ਹਨ ਜਿਸ ਨਾਲ ਉਸਦੀ ਕੁੱਲ ਕਵਿਤਾ ਦੀ ਅਰਥ ਸਿਰਜਣਾ ਦਾ ਜਿੰਦਰਾ ਖੁੱਲ੍ਹਦਾ ਹੈ।

ਜਸਵੀਰ ਸਿੰਘ ਰਾਣਾ
ਕਹਾਣੀਕਾਰ ਅਮਰਗੜ੍ਹ, ਪੰਜਾਬ

## ਖ਼ਾਲੀ ਆਲ੍ਹਣਾ ਦਾ ਰਿਵਿਊ

'ਸੰਨੀ ਧਾਲੀਵਾਲ' ਦੀ ਸ਼ਾਇਰੀ ਦੀ ਪੁਸਤਕ ਖ਼ਾਲੀ ਆਲ੍ਹਣਾ ਦੇ ਨਾਲ ਦਿਨ ਬਤੀਤ ਕਰਨ ਦਾ ਸਬੱਬ ਬਣਿਆ। ਪੜ੍ਹ ਕੇ ਹੈਰਾਨੀ ਹੋਈ ਹੈ ਕਿ ਸੰਨੀ ਧਾਲੀਵਾਲ, ਮਨੋਵਿਗਿਆਨ ਦੇ ਬਹੁਤ ਹੀ ਕਾਬਲ ਅਧਿਆਪਕ 'ਡਾਕਟਰ ਅਮਰ ਸਿੰਘ ਧਾਲੀਵਾਲ' ਦਾ ਫਰਜ਼ੰਦ ਹੈ। ਜ਼ਮੀਨ ਨਾਲ ਜੁੜੇ ਪਰਿਵਾਰ ਦਾ ਅੰਗ ਹੋਣ ਕਰਕੇ ਉਸਦੀਆਂ ਕਵਿਤਾਵਾਂ ਧਰਤੀ 'ਤੇ ਵਿਚਰਦੇ ਲੋਕਾਂ ਬਾਰੇ ਹਨ। ਜ਼ਿੰਦਗੀ ਕਹਿੰਦੀ ਕਵਿਤਾ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਪ੍ਰੇਰਿਤ ਕਰਦੀ ਹੈ।

ਜ਼ਿੰਦਗੀ ਕਹਿੰਦੀ ਮੈਂ ਚੱਲੀ ਹਾਂ
ਬਠਿੰਡੇ ਦੀ ਰੇਤ ਵਾਂਗ
ਤੇਰੇ ਹੱਥਾਂ ਚੋਂ ਕਿਰਦੀ ਜਾਂਦੀ ਹਾਂ

ਇਹ ਨਜ਼ਮ ਮਨੁੱਖ ਨੂੰ ਆਪਣੇ ਮੌਜੂਦਾ ਸਮੇਂ ਨੂੰ ਘੁੱਟ ਕੇ ਫੜੀ ਰੱਖਣ ਦਾ ਤੇ ਇਸ ਦੀ ਯੋਗ ਵਰਤੋ ਕਰਨ ਦਾ ਖ਼ੂਬਸੂਰਤ ਸੁਨੇਹਾ ਦਿੰਦੀ ਹੈ।

ਦੇਖੀ ਕਿਤੇ ਤੂੰ ਵੀ
ਵੱਡਾ ਸਾਰਾ ਵਗਲ ਮਾਰਨ ਦੇ
ਚੱਕਰ ਵਿੱਚ
ਮੂੰਹ ਪਰਨੇ ਨਾ
ਡਿੱਗ ਜਾਵੀਂ

ਅਜਿਹੀ ਕਵਿਤਾ ਮਨੁੱਖ ਨੂੰ ਆਪਣਾ ਆਪਾ ਫਰੋਲਣ ਲਈ ਕੁਰੇਦਦੀ ਹੈ। ਮੌਲਾ ਬਲਦ ਇਸ ਪੁਸਤਕ ਦੀ ਇੱਕ ਹੋਰ ਬੜੀ ਪਿਆਰੀ ਕਵਿਤਾ ਹੈ। ਖਾਲ੍ਹੀ ਆਲਣਾ ਇਕੱਲਤਾ ਦਾ ਸੰਤਾਪ ਭੋਗਦੀ ਅਜੋਕੀ ਬਜ਼ੁਰਗ ਪੀੜੀ ਦੀ ਵੇਦਨਾ ਹੈ।

ਹੁਣ ਆਲ੍ਹਣੇ ਵਿੱਚ
ਤੂੰ ਤੇ ਮੈਂ ਰਹੇ ਗਏ ਹਾਂ
ਬੱਚਿਆਂ ਬਿਨ ਆਲ੍ਹਣਾ
ਖਾਲੀ ਹੋ ਗਿਆ


*

ਹੈ ਤੂੰ ਮੇਰੇ ਵਾਲਾਂ ਵਿੱਚ ਉਗਲਾਂ
ਫੇਰੇਂ
ਅਤੇ ਮੈਂ ਤੇਰੇ ਵਾਲਾਂ ਵਿੱਚ
ਇੱਕ ਦੂਜੇ ਨੂੰ ਡਿੱਗਣ ਤੋਂ
ਬਚਾਈਏ
---
ਇੱਕ ਦੂਜੇ ਵਿੱਚ ਗੁਆਚ ਜਾਈਏ
*
ਚਲ ਫਿਰ ਆਪਾਂ ਦੋਵੇਂ
ਜ਼ਿੰਦਗੀ ਦੀ ਬੱਚੀ ਖੁਚੀ ਪੂੰਜੀ ਦਾ
ਆਨੰਦ ਮਾਣੀਏ

ਇਉਂ ਇਹ ਖਾਲ੍ਹੀ ਆਲਣਾ ਨਜ਼ਮ ਸਾਡੀ ਇਹ ਅਜੋਕੀ ਪੀੜੀ ਦੇ ਸੰਤਾਪ ਨੂੰ ਪੇਸ਼ ਕਰਦੀ ਅਰਥ ਭਰਪੂਰ ਕਵਿਤਾ ਹੈ। ਹੁਣ ਘਰਾਂ ਦੇ ਘਰ ਖਾਲ੍ਹੀ ਪਏ ਹਨ। ਘਰਾਂ ਦੇ ਬੱਚੇ ਰੁਜ਼ਗਾਰ ਦੀ ਭਾਲ ਵਿੱਚ ਸਮੁੰਦਰਾਂ ਤੋਂ ਪਾਰ ਉਡਾਰੀਆਂ ਮਾਰ ਗਏ ਹਨ। ÷ਹੈਪੀ ਲੋਹੜੀ÷ ਅਸੀਂ ਪੜ੍ਹਦਿਆਂ ਜਿਥੇ ਬਚਪਨ ਵੱਲ ਪਰਤ ਜਾਂਦੇ ਹਾਂ ਉਥੇ ਨਜ਼ਮ ਸਾਰਥਕ ਸੁਨੇਹਾ ਵੀ ਦਿੰਦੀ ਹੈ ਕਿ ਧਰਤੀ @ਤੇ ਹਰ ਤਰ੍ਹਾਂ ਦਾ ਗੰਦ ਪਾਉਣ ਵਾਲਿਆਂ ਲੋਕਾਂ ਨੂੰ ਇਸ ਲੋਹੜੀ ਵਿੱਚ ਸਾੜ ਦਿੱਤਾ ਜਾਣਾ ਚਾਹੀਦਾ ਹੈ। ÷ਕ੍ਰਿਸਮਸ ਗਿਫਟ÷ ਕੁੜੀਆਂ ਅੰਦਰ ਦੱਬੇ ਹੌਂਕੇ ਦੀ ਗੱਲ ਕਰਦੀ ਹੈ।

ਨਹੀਂ ਮੰਮ, ਮੈਂ ਵੀ ਮਾਣ ਨਾਲ
ਉਤਾਂਹ ਨੂੰ ਦੇਖਣਾ
ਮੈਂ ਵੀਰੇ ਵਾਂਗਰ
ਚੰਦ ਮਾਮੇ ਨੂੰ ਨੇੜਿਓਂ ਦੇਖਣਾ
ਚਾਹੁੰਦੀ ਹਾਂ
ਮੈਂ ਵੀ ਤਾਰਿਆਂ ਨਾਲ ਲੁਕਣ
ਮੀਟੀ ਖੇਡਣੈ

ਸਮਾਜ ਭਾਵੇਂ ਕਿੰਨਾ ਵੀ ਅਗਾਂਹਵਧੂ ਕਿਉਂ ਨਾ ਹੋਵੇ ਉਸ ਵਿੱਚ ਵੀ ਲੜਕੇ ਤੇ ਲੜਕੀ ਦਾ ਫਰਕ ਕੀਤਾ ਜਾਂਦਾ ਹੈ। ਅਜਿਹੇ ਫ਼ਰਕ ਨੂੰ ਵਧਾਉਣ ਦਾ ਕੰਮ ਖਾਸ ਤੌਰ ਤੇ ਸਾਡੇ ਪੜੇ ਲਿਖੇ ਸਮਾਜ ਦੇ ਲੋਕਾਂ ਵੱਲੋਂ ਹੀ ਕੀਤਾ ਜਾਂਦਾ ਹੈ। ਨਜ਼ਮ ਇਹ ਸੋਚਣ ਲਈ ਮਜ਼ਬੂਰ ਕਰਦੀ ਹੈ ਕਿ ਅਸੀਂ ਕਦੋਂ ਧੀ-ਪੁੱਤ ਨੂੰ ਬਰਾਬਰ ਅਧਿਕਾਰ ਦੇਵਾਂਗੇ। @ਸ਼ੌਕਰ ਗੇਮ ਵਰਗੀ ਕਵਿਤਾ÷ ਸ਼ਾਇਰਾਂ ਨੂੰ ਅਜਿਹੀ ਨਜ਼ਮ ਲਿਖਣ ਲਈ ਪ੍ਰੇਰਿਤ ਕਰਦੀ ਹੈ ਜਿਹੜੀ ਸਿੱਧੀ ਦਿਲ ਤੱਕ ਪਹੁੰਚੇ। ਜਿਹੜੀ ਮੈਸੀ ਦੀ ਖੇਡ ਦੇ ਵਾਂਗ ਮੁਹਾਵਰਿਆਂ ਤੋਂ ਗਿੱਧਾ ਪਵਾਉਣ ਵਾਲੀ ਹੋਵੇ। ਜੋ ਮੈਸੀ ਦੇ ਸ਼ੌਕਰ ਵਰਗੀ ਜਾਨਦਾਰ ਹੋਵੇ। ਮਜ਼ਦੂਰਾਂ ਦੀ ਹੜਤਾਲ ਸਾਡੇ ਅਜੋਕੇ ਕਹਿਣੀ ਕਥਨੀ ਦੇ ਫਰਕ ਵਾਲੇ ਸ਼ਾਇਰਾਂ ਉੱਪਰ ਵਿਅੰਗ ਕਰਦੀ ਹੈ ਜਿਹੜੇ ਮਜ਼ਦੂਰਾਂ ਤੋਂ ਤਾਂ ਦੂਰੀ ਬਣਾ ਕੇ ਰੱਖਦੇ ਹਨ ਪਰ ਉਹਨਾਂ ਉੱਪਰ ਕਵਿਤਾਵਾਂ ਲਿਖਦੇ ਹਨ। ਉਹਨਾਂ ਕਵੀਆਂ ਤੇ ਵੀ ਡਾਢਾ ਵਿਅੰਗ ਕਰਦੀ ਹੈ ਜਿਹੜੇ ਵਰਲਡ ਪੰਜਾਬੀ ਕਾਨਫਰੰਸਾਂ ਦੇ ਚੱਕਰ ਵਿੱਚ ਪਏ ਹੋਏ ਤੇ ਪੁਸਤਕਾਂ ਦੀਆਂ ਘੁੰਡ ਚੁਕਾਈਆਂ, ਇਨਾਮਾਂ ਸਨਮਾਨਾਂ ਦੇ ਦੌਰ ਦੇ ਵਿੱਚ ਉਲਝੇ ਹੋਏ ਆਪਣੇ ਅਸਲੀ ਆਸ਼ੇ ਨਾਲੋਂ ਟੁੱਟੇ ਹੋਏ ਹਨ। ਜ਼ਮੀਨ ਨਾਲੋਂ ਟੁੱਟ ਕੇ ਉਹ ਹੋਰ ਹੀ ਦੁਨੀਆਂ ਵਿੱਚ ਵਿਚਰ ਰਹੇ ਹਨ। ਸ਼ੀਸ਼ਾ ਬੋਲਿਆ ਸਾਨੂੰ ਪ੍ਰੇਰਤ ਕਰਦੀ ਹੈ ਕਿ ਸਾਨੂੰ ਆਪਣਾ ਚਿਹਰਾ ਸ਼ੀਸ਼ੇ ਵਿੱਚ ਦੇਖਣਾ ਚਾਹੀਦਾ ਹੈ ਕਿ ਅਸੀਂ ਆਪਣੀ ਮਾਂ ਬੋਲੀ ਲਈ ਕਿੰਨੇ ਕੁ ਸੁਹਿਰਦ ਹਾਂ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਦੇ ਵਿੱਚ 'ਸੰਨੀ ਡੇਅ' ਇੱਕ ਪਾਤਰ ਵਜੋਂ ਪੇਸ਼ ਹੁੰਦਾ ਹੈ। ਇਸ ਖੂਬਸੂਰਤ ਦਿਨ ਵਾਂਗ ਜ਼ਿੰਦਗੀ ਦੇ ਸਾਰੇ ਹੀ ਦਿਨ ਸੰਨੀ ਡੇਅ ਹੋਣੇ ਚਾਹੀਦੇ ਹਨ ਜਿਸ ਵਿੱਚ ਅਸੀਂ ਖੂਬਸੂਰਤੀ ਦਾ ਆਨੰਦ ਵੀ ਮਾਣ ਸਕੀਏ ਤੇ ਅਸੀਂ ਜ਼ਿੰਦਗੀ ਨੂੰ ਕਲੰਕਤ ਕਰਨ ਵਾਲੇ ਲੋਕਾਂ ਦੇ ਖਿਲਾਫ ਡੱਟ ਕੇ ਖੜੇ ਵੀ ਹੋ ਸਕੀਏ।



ਸੁਣ ਮੇਰੀ ਗੱਲ ਮੈਨੂੰ ਬੜੀ ਪਿਆਰੀ ਕਵਿਤਾ ਲੱਗੀ ਹੈ ਜਿਹਦੇ ਵਿੱਚ ਸ਼ਾਇਰ ਦੀ ਪਤਨੀ ਦੀਆਂ ਭਾਵਨਾਵਾਂ ਦੀ ਗੱਲ ਕੀਤੀ ਹੈ:-

ਹੁਣ ਮੈਂ ਸਿਰਫ਼
ਸੁੱਤਿਆਂ ਹੀ ਨਹੀਂ
ਜਾਗਦਿਆਂ ਵੀ ਸੁਪਨੇ ਦੇਖਾਂਗੀ
*
ਹੁਣ ਤੂੰ ਮੇਰਾ ਲੰਚ ਪੈਕ ਕਰੇਂਗਾ
ਸਵੇਰੇ ਤੂੰ ਬੈਡ ਟੀ ਲੈ ਕੇ ਆਵੇਂਗਾ
ਮੈਂ ਵੀ ਚਾਹੁੰਦੀ ਹਾਂ !
ਜਦੋਂ ਮੈਂ ਵੀ ਕਵੀ ਦਰਬਾਰ ਵਿੱਚ
ਕਵਿਤਾ ਪੜ੍ਹਾਂ
ਤਾਂ ਲੋਕ ਤਾੜੀਆਂ ਮਾਰਨ, ਵਾਹ
ਵਾਹ ਕਰਨ
*

ਇੰਜ ਇਹ ਸਾਡੇ ਸ਼ਾਇਰਾਂ ਦੇ ਪਰਿਵਾਰਾਂ ਦੇ ਦੁਖਾਂਤ ਦੀ ਕਹਾਣੀ ਹੈ ਕਿ ਕਿਵੇਂ ਉਹ ਆਪਣੇ ਪਰਿਵਾਰਾਂ, ਆਪਣੇ ਜੀਵਨ ਸਾਥੀ ਦੇ ਸੁਪਨਿਆਂ ਤੋਂ ਬਿਲਕੁਲ ਹੀ ਅਭਿੱਜ ਰਹਿੰਦੇ ਹਨ। ਸ਼ਾਇਰ ਦੀ ਪਤਨੀ ਦੇ ਵੀ ਕੁੱਝ ਸੁਪਨੇ ਹਨ। ਉਸਨੂੰ ਵੀ ਇਹਨਾਂ ਸੁਪਨਿਆਂ ਨੂੰ ਪੂਰਾ ਕਰਨ ਦਾ ਹੱਕ ਹੈ।

ਅਜਿਹੀਆਂ ਕਵਿਤਾਵਾਂ ਲਿਖਣ ਵਾਲਾ ਸਾਡਾ ਇਹ ਪਿਆਰਾ ਸ਼ਾਇਰ ਸੰਨੀ ਧਾਲੀਵਾਲ ਬਹੁਤ ਮੁਹੱਬਤੀ ਹੈ ਜੋ ਸਾਡੇ ਪਿੰਡਾਂ ਦਾ ਹੈ ਤੇ ਸਾਡੇ ਮੋਗੇ ਜਿਲ੍ਹੇ ਦੀ ਸ਼ਾਨ ਹੈ। ਇਹ ਕਵਿਤਾਵਾਂ ਸਾਡਾ ਮਾਣ ਬਣਦੀਆਂ ਹਨ।

**ਬਹੁਤ ਬਹੁਤ ਮੁਬਾਰਕਾਂ ਸੰਨੀ ਧਾਲੀਵਾਲ ਜੀ: ਗੁਰਮੀਤ ਕੜਿਆਲਵੀ**



ਗੁਰਮੀਤ ਕੜਿਆਲਵੀ

# ਪੰਜਾਬੀ ਕਵਿਤਾ ਦੇ ਗਗਨਾਂ ਦਾ ਸਿਤਾਰਾ -ਸੁਰਜੀਤ ਪਾਤਰ

ਪੰਜਾਬੀ ਕਵਿਤਾ ਦੇ ਗਗਨਾਂ ਦਾ ਸਿਤਾਰਾ, ਪੰਜਾਬੀਅਤ ਨੂੰ ਆਪਣੀ ਅਨਮੋਲ ਕਵਿਤਾ ਰਾਹੀਂ ਲੋਕਤਾ ਦੇ ਦਿਲਾਂ ਵਿੱਚ ਵਸਾਉਣ ਵਾਲਾ, ਪਿਆਰ ਤੇ ਸਤਿਕਾਰ ਦਾ ਪਾਤਰ ਸੁਰਜੀਤ ਪਾਤਰ 11 ਮਈ 2024 ਨੂੰ ਬਰਨਾਲੇ ਵਿਖੇ ਜ਼ਿੰਦਗੀ ਦੀਆਂ ਮਾਣਮੱਤੀਆਂ ਮੋਮਬੱਤੀਆਂ ਜਗਾ ਕੇ ਅਤੇ ਰਾਤ ਨੂੰ ਆਪਣੇ ਆਸ਼ੀਆਨੇ ਲੁਧਿਆਣਾ ਵਿਖੇ ਸਦਾ ਲਈ ਗੂੜ੍ਹੀ ਨੀਂਦ ਸੌਂ ਗਿਆ।
ਸੁਰਜੀਤ ਪਾਤਰ 14 ਜਨਵਰੀ 1945 ਨੂੰ ਪਿੰਡ ਪੱਤੜ ਕਲਾਂ, ਜ਼ਿਲ੍ਹਾ ਕਪੂਰਥਲਾ ਵਿੱਚ ਪੈਦਾ ਹੋਇਆ। ਗੌਰਮਿੰਟ ਰਣਧੀਰ ਕਾਲਜ, ਕਪੂਰਥਲਾ ਤੋਂ ਬੀ.ਏ. ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਐਮ.ਏ. ਪੰਜਾਬੀ ਕੀਤੀ। ਇੱਥੇ ਚੰਗੇ ਲੇਖਕਾਂ ਨਾਲ ਮੇਲ-ਮਿਲਾਪ ਕਾਰਨ ਉਸ ਵਿੱਚ ਪੰਜਾਬੀ ਕਵਿਤਾ ਦੇ ਗੁਣ ਪ੍ਰਫੁੱਲਿਤ ਹੁੰਦੇ ਗਏ। ਵਿਸ਼ੇਸ਼ ਸਾਹਿਤਿਕ ਸਾਥੀ ਸਤਿੰਦਰ ਨੂਰ, ਗੁਰਭਜਨ ਸਿੰਘ, ਦਲੀਪ ਕੌਰ ਟਿਵਾਣਾ, ਨਵਤੇਜ ਭਾਰਤੀ ਅਤੇ ਹਰਦਲਜੀਤ ਸਿੰਘ ਵਰਗੇ ਸਾਹਿਤ ਪ੍ਰੇਮੀ ਮਿਲੇ। ਇੱਥੇ ਹੀ ਉਸ ਨੇ ਆਪਣੀ ਪ੍ਰਸਿੱਧ ਗ਼ਜ਼ਲ 'ਕੋਈ ਡਾਲੀਆਂ ਚੋਂ ਲੰਘਿਆ ਹਵਾ ਬਣ ਕੇ, ਅਸੀਂ ਰਹਿ ਕੇ ਬਿਰਖ ਵਾਲੀ ਹਾਅ ਬਣ ਕੇ' ਲਿਖੀ। ਪਹਿਲੇ ਕਾਵਿ ਸੰਗ੍ਰਹਿ 'ਬਿਰਖ ਅਰਜ਼ ਕਰੇ ਨੇ' ਹੀ ਸੁਰਜੀਤ ਪਾਤਰ ਨੂੰ ਸਾਹਿਤਕ ਖੇਤਰ ਵਿੱਚ ਪ੍ਰਸਿੱਧ ਕਰ ਦਿੱਤਾ। ਦੂਜੇ ਕਾਵਿ ਸੰਗ੍ਰਹਿ 'ਹਵਾ ਵਿੱਚ ਲਿਖੇ ਹਰਫ਼' ਨਾਲ ਸੁਰਜੀਤ ਪਾਤਰ ਨੂੰ ਸਭ ਤੋਂ ਛੋਟੀ ਉਮਰ ਵਿੱਚ ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਦਾ ਅਵਾਰਡ ਪ੍ਰਾਪਤ ਹੋਇਆ। ਆਪਣੀ ਕਵਿਤਾ ਆਪ ਤਰੰਨੁਮ ਵਿੱਚ ਗਾਉਣ ਨਾਲ ਪਾਤਰ ਸਟੇਜ ਤੇ ਛਾ ਜਾਂਦਾ ਸੀ। ਪਾਤਰ ਦੀਆਂ ਕੈਨੇਡਾ-ਅਮਰੀਕਾ ਦੀਆਂ ਫੇਰੀਆਂ ਅਕਸਰ ਲੱਗਦੀਆਂ ਰਹਿੰਦੀਆਂ। ਪਾਤਰ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿਖੇ ਪੰਜਾਬੀ ਦੇ ਪ੍ਰੋਫ਼ੈਸਰ ਦੀ ਪਦਵੀ ਤੇ ਰਹੇ। ਉੱਥੇ ਉਹਨਾਂ ਦੇ ਕਲਾਤਮਿਕ ਰੁਚੀਆਂ ਵਾਲੇ ਵਿਦਿਆਰਥੀਆਂ ਨਾਲ ਗੂੜ੍ਹੇ ਸੰਬੰਧ ਬਣਦੇ ਰਹੇ ਜੋ ਕੈਨੇਡਾ ਅਮਰੀਕਾ ਪਾਤਰ ਨੂੰ ਸਦਦੇ ਰਹੇ, ਜਿਵੇਂ ਕੈਨੇਡਾ ਵਿੱਚ ਰਵੀ ਮਾਨ, ਜਸਬੀਰ ਰੁਮਾਣਾ ਅਤੇ ਕਈ ਹੋਰ ਵੀ। ਕੈਲਗਰੀ ਅਤੇ ਐਡਮਿੰਟਨ ਵਿੱਚ ਵੀ ਆਉਂਦੇ ਰਹੇ। ਸੁਰਜੀਤ ਪਾਤਰ ਨੂੰ ਕੌਮਾਂਤਰੀ ਪੱਧਰ ਤੇ ਪ੍ਰਸਿੱਧੀ ਮਿਲਦੀ ਰਹੀ ਹੈ। ਸੁਰਜੀਤ ਪਾਤਰ ਦੀ ਕਵਿਤਾ ਨੂੰ ਬਹੁਤ ਸਾਰੇ ਗਾਇਕਾਂ ਨੇ ਵੀ ਗਾਇਆ ਹੈ।
ਇੱਕ ਕੈਸਟ 'ਫੁਲਕਾਰੀ' ਰਿਲੀਜ਼ ਕੀਤਾ ਗਿਆ ਸੀ ਜਿਸ ਵਿੱਚ ਸੁਰਜੀਤ ਪਾਤਰ ਦੀਆਂ ਗ਼ਜ਼ਲਾਂ ਸਨ ਅਤੇ ਦੂਜੀ ਮੁਲਾਕਾਤ ਸੀ। ਇਹ ਸੀ.ਡੀ. ਕੋਈ 23 ਵਰ੍ਹੇ ਪਹਿਲਾਂ ਰਿਲੀਜ਼ ਹੋਈ ਸੀ। ਯੂ.ਟਿਊਬ ਤੇ ਵੀ ਸੁਣਨ ਵਾਲੇ ਸਰੋਤਿਆਂ ਵੱਲੋਂ ਬਹੁਤ ਸਲਾਹੀ ਗਈ ਹੈ। ਉਸ ਨੂੰ ਸੁਰਜੀਤ ਪਾਤਰ ਦੀ ਹਾਜ਼ਰੀ ਵਿੱਚ ਮਿਊਜ਼ਿਕ ਵੇਵ ਵੱਲੋਂ ਰਿਲੀਜ਼ ਕੀਤਾ ਗਿਆ ਸੀ। ਸੁਰਜੀਤ ਪਾਤਰ ਦਾ ਬੇਟਾ ਮਨਰਾਜ ਪਾਤਰ ਆਪਣੇ ਪਿਤਾ ਦੀ ਕਵਿਤਾ ਗਾਉਂਦਾ ਹੈ। ਮਨਰਾਜ ਵੀ ਬਹੁਤ ਸੁਰੀਲਾ ਗਾਇਕ ਹੈ। ਸੁਰਜੀਤ ਪਾਤਰ ਨੂੰ ਦਿਨੋ-ਦਿਨ ਸਨਮਾਨ ਮਿਲਦੇ ਗਏ ਅਤੇ ਅੰਤਰਾਸ਼ਟਰੀ ਪੱਧਰ ਤੇ ਸ਼ੋਹਰਤ ਵਧਦੀ ਗਈ ਅਤੇ ਨਾਲ ਹੀ ਕਿਤਾਬਾਂ ਦੀ ਗਿਣਤੀ ਵੀ ਵੱਧਦੀ ਗਈ- 'ਹਨੇਰੇ ਵਿੱਚ ਸੁਲਗਦੀ ਵਰਨਮਾਲਾ', 'ਲਫ਼ਜ਼ਾਂ ਦੀ ਦਰਗਾਹ', 'ਪਤਝੜ ਦੀ ਪਾਜੇਬ', 'ਸੁਰਜਮੀਨ' ਅਤੇ 'ਸੂਰਜ ਮੰਦਰ ਦੀਆਂ ਪੌੜੀਆਂ'। 'ਇਹ ਬਾਤ ਨਿਰੀ ਇਨੀ ਹੀ ਨਹੀਂ' ਇਹ ਕਿਸਾਨੀ ਮੋਰਚੇ ਸਮੇਂ ਲਿਖੀ।
ਸੁਰਜੀਤ ਪਾਤਰ ਨੂੰ 2012 ਵਿੱਚ ਪਦਮਸ਼੍ਰੀ ਇਨਾਮ ਨਾਲ ਨਿਵਾਜਿਆ ਗਿਆ। ਪਹਿਲਾਂ ਸਹਿਤ ਅਕਾਦਮੀ ਅਵਾਰਡ ਅਤੇ ਪੰਚਨਦ ਪੁਰਸਕਾਰ ਤੇ ਹੋਰ ਵੀ ਕਈ ਪੁਰਸਕਾਰ ਪ੍ਰਾਪਤ ਹੁੰਦੇ ਰਹੇ ਸਨ।
ਸੁਰਜੀਤ ਪਾਤਰ ਦੀ ਕਵਿਤਾ ਆਪਣੇ ਵਿਲੱਖਣ ਗੁਣਾਂ ਕਰਕੇ ਸਾਹਿਤਿਕ ਮਹਿਫ਼ਲਾਂ, ਸਰੋਤਿਆਂ ਅਤੇ ਪਾਠਕਾਂ ਦੀ ਪਹਿਲੀ ਪਸੰਦ ਹੈ। ਪਾਤਰ ਦੀ ਕਵਿਤਾ ਵਿੱਚ ਮਾਨਵਤਾ ਦੇ ਦੁੱਖ-ਸੁੱਖ, ਭਾਈਚਾਰਕ ਸਾਂਝਾਂ, ਮੁਸ਼ਕਲਾਂ ਅਤੇ ਰਾਜਸੀ ਲੋਕ ਵਿਰੋਧੀ ਸਰਗਰਮੀਆਂ ਕਾਰਨ ਆਦਮੀ ਦੀ ਲੁੱਟ ਖਸੁੱਟ ਵਰਣਨ ਹੁੰਦੀ ਹੈ ਜਿਨ੍ਹਾਂ ਕਰਕੇ ਆਮ ਆਦਮੀ ਕੁਚਲਿਆ ਜਾਂਦਾ ਹੈ। ਮਾਨਵਤਾ ਦੀ ਹਰ ਤਕਲੀਫ਼ ਪਾਤਰ ਦੀ ਕਲਮ ਦੀ ਨੋਕ ਤੇ ਆ ਕੇ ਦਿਲਾਂ ਨੂੰ ਧੂਅ ਪਾਉਂਦੀ ਅਤੇ ਦਿਮਾਗ ਨੂੰ ਹਲੂਣਦੀ ਹੈ। ਪਾਤਰ ਕਵਿਤਾ ਦੇ ਹਰ ਰੂਪ ਵਿੱਚ ਮੁਹਾਰਤ ਰੱਖਦਾ ਹੈ। ਉਸਨੇ ਬੱਚਿਆਂ ਲਈ ਵੀ ਕਵਿਤਾਵਾਂ ਲਿਖੀਆਂ ਹਨ ਜਿਵੇਂ 'ਕਿਤਾਬ ਹੈ, ਮੇਰੀ ਕੁਰਸੀ ਹੈ, ਮੇਰਾ ਮੇਜ਼'। ਪਾਤਰ ਦੀ ਕਵਿਤਾ ਦੀਆਂ ਬਰੀਕੀਆਂ ਅਤੇ ਸੰਗੀਤਕ ਸੁਰਾਂ ਅਨੂਠਾ ਰੰਗ ਬੰਨਦੀਆਂ ਹਨ। ਉਸ ਦੀ ਕਵਿਤਾ ਵਿੱਚ ਭਾਵੁਕਤਾ, ਬੌਧਿਕਤਾ ਅਤੇ ਆਧੁਨਿਕਤਾ ਦਾ ਅਨੂਠਾ ਸੁਮੇਲ ਹੈ ਜੋ ਸਿੱਧੀ ਦਿਲ ਤੇ ਅਸਰ ਕਰਦੀ ਹੈ ਅਤੇ ਦਿਮਾਗ ਨੂੰ ਹਲੂਣਦੀ ਹੈ। ਪਾਤਰ ਦੀ ਕਵਿਤਾ ਦੇਸ਼ ਵਿਦੇਸ਼ ਵਿੱਚ ਵੱਸਦੇ ਪੰਜਾਬੀਆਂ ਦੀ ਗੈਰਤ ਨੂੰ ਟੁੰਬਦੀ ਹੈ ਜਿਵੇਂ-
ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ਚੁੱਪ ਰਿਹਾ ਤਾਂ ਸ਼ਮਾਂਦਾਨ ਕੀ ਕਹਿਣਗੇ

**ਗੀਤ ਦੀ ਮੌਤ ਅੱਜ ਰਾਤ ਜੇ ਹੋ ਗਈ ਮੇਰਾ ਜਿਉਣਾ ਮੇਰੇ ਯਾਰ ਕਿੰਜ ਸਹਿਣਗੇ**
**ਜੇ ਮੈਂ ਕੁਝ ਨਾ ਕਿਹਾ ਜੇ ਮੈਂ ਚੁੱਪ ਹੀ ਰਿਹਾ ਬਣ ਕੇ ਰੂਹਾਂ ਸਦਾ ਭਟਕਦੇ ਰਹਿਣਗੇ।**

ਪਾਤਰ ਦੀ ਕਵਿਤਾ ਸਮਾਜ ਵਿੱਚ ਵਾਪਰ ਰਹੇ ਕਈ ਤਰ੍ਹਾਂ ਦੇ ਕੋਹੜਾਂ ਨੂੰ ਨੰਗਾ ਕਰਦੀ ਹੈ। ਉਸ ਦੀ ਕਵਿਤਾ ਸ਼ਬਦਾਂ ਦੀ ਸੁਚੱਜੀ ਅਤੇ ਸੋਹਣੀ ਚੋਣ ਵਾਲੀ ਸਰੋਦੀ ਲੈਅ ਸੁਰਤਾਲ ਭਰਪੂਰ ਹੈ। ਸੁਰਜੀਤ ਪਾਤਰ ਪੰਜਾਬੀ ਕਵਿਤਾ ਦੀ ਸਿਖਰਲੀ ਮਮਟੀ ਤੇ ਬਿਰਾਜਮਾਨ ਹੈ। ਇਨਸਾਨੀਅਤ ਦਾ ਖਲੂਸ, ਪਿਆਰ, ਅਪਣੱਤ, ਹਮਦਰਦੀ ਅਤੇ ਉਸਾਰੂ ਸੋਚ ਦਾ ਵਹਿੰਦਾ ਦਰਿਆ ਸੀ। ਭਾਵੇਂ ਸਦੀਵੀਂ ਵਿਛੋੜਾ ਦੇ ਗਿਆ ਪਰ ਸਦਾ ਪੰਜਾਬੀ ਸਾਹਿਤ ਦੇ ਗਗਨਾਂ ਵਿੱਚ ਧਰੂ ਤਾਰੇ ਵਾਂਗ ਚਮਕਦਾ ਰਹੇਗਾ। ਸੰਵੇਦਨਾ ਸੰਗ ਲਰਜ਼ਦਾ ਇਹ ਸਿਰਮੌਰ ਕਵੀ ਬੇਇਨਸਾਫ਼ੀ, ਜ਼ੁਲਮ, ਤਸ਼ੱਦਦ ਦੇ ਹਨੇਰੇ ਨੂੰ ਦੂਰ ਕਰਨ ਲਈ ਹਿੰਮਤ ਅਤੇ ਹੌਂਸਲੇ ਦੀਆਂ ਮੋਬੱਤੀਆਂ ਜਗਾ ਕੇ ਜਾਗਦੇ ਰਹਿਣ ਦਾ ਸੰਦੇਸ਼ ਦੇ ਕੇ ਚਲਾ ਗਿਆ:

**ਨ੍ਹੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ**
**ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ**

ਪਾਤਰ ਦੀ ਕਵਿਤਾ ਸਾਦਗੀ, ਗਹਿਰਾਈ ਅਤੇ ਸੰਗੀਤਕ ਲੈਅ ਦੀ ਅਨੋਖੀ ਤ੍ਰਿਵੈਣੀ ਹੈ। ਜਿੱਥੇ ਹਲੀਮੀ ਹੈ, ਉੱਥੇ ਤਾਰਿਆਂ ਦੀ ਟਿਮ-ਟਿਮਾਹਟ ਹੈ। ਪਾਤਰ ਦੀ ਕਵਿਤਾ ਵਿਚ ਪ੍ਰੇਰਨਾ ਤੇ ਉੱਚੀ ਸੋਚ ਨਾਲ-ਨਾਲ ਚਲਦੀਆਂ ਹਨ। ਪਾਤਰ ਦੀਆਂ ਸਮੁੱਚੀਆਂ ਗਜ਼ਲਾਂ ਚਿਰਾਗਾਂ ਵਾਂਗ ਹਨ ਜੋ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਕਹਿਰਾਂ ਦੇ ਸਮੇਂ ਆਸ ਦੀਆਂ ਕਿਰਨਾਂ ਹਨ। ਪਾਤਰ ਦੀ ਇੱਕ ਹੋਰ ਗ਼ਜ਼ਲ ਜੋ ਉਹਨਾਂ ਮਹਾਨ ਵਿਅਕਤੀਆਂ ਨੂੰ ਸਮਰਪਿਤ ਹੈ ਜੋ ਨਵੇਂ ਰਸਤੇ ਬਣਾਉਂਦੇ ਹਨ ਜਿਵੇਂ:

**ਮੈਂ ਰਾਹਾਂ ਤੇ ਨਹੀਂ ਤੁਰਦਾ**
**ਮੈਂ ਤੁਰਦਾ ਹਾਂ ਤਾਂ ਰਾਹ ਬਣਦੇ**

ਅਨੇਕਾਂ ਅਟੱਲ ਸੱਚਾਈਆਂ ਸੁਰਜੀਤ ਪਾਤਰ ਦੀ ਕਵਿਤਾ ਵਿੱਚ ਕੁੱਟ-ਕੁੱਟ ਕੇ ਭਰੀਆਂ ਹੋਈਆਂ ਹਨ। ਉਸ ਦੀ ਕਵਿਤਾ ਅਮਰ ਹੈ। ਆਸ ਕਰਦੇ ਹਾਂ ਕਿ ਪੁੰਗਰਦੇ ਕਵੀ ਸੁਰਜੀਤ ਪਾਤਰ ਦੀ ਕਵਿਤਾ ਤੋਂ ਸੇਧ ਲੈ ਕੇ ਪੰਜਾਬੀ ਸਾਹਿਤ ਦਾ ਖਜ਼ਾਨਾ ਭਰਪੂਰ ਕਰਨਗੇ। ਸੁਰਜੀਤ ਪਾਤਰ ਦਾ ਬੇਟਾ ਮਨਰਾਜ ਪਾਤਰ ਆਪਣੇ ਉਸਤਾਦ ਪਿਤਾ ਦੀ ਕਵਿਤਾ ਨੂੰ ਗਾ ਕੇ ਸਰੋਤਿਆਂ ਨੂੰ ਨਿਹਾਲ ਕਰਦਾ ਰਹੇਗਾ। ਸੁਰਜੀਤ ਪਾਤਰ ਦੀ ਜੀਵਨ ਸਾਥਣ ਭੁਪਿੰਦਰ ਪਾਤਰ ਲਈ ਸ਼ੁਭਕਾਮਨਾਵਾਂ। ਸਦਾ ਆਪਣੇ ਜੀਵਨ ਸਾਥੀ ਨਾਲ ਗੁਜ਼ਾਰੇ ਸ਼ੁਭ ਦਿਨਾਂ ਦੀ ਯਾਦ ਹਮੇਸ਼ਾ ਤਾਜ਼ਾ ਰੱਖਣਗੇ।

**ਰਾਜਵੰਤ ਕੌਰ ਮਾਨ**
**ਕੈਲਗਰੀ** +1 (778) 863-9890




ਆਖਿਰੀ ਫੇਸ ਛੇਤੀ ਆ ਰਿਹਾ ਹੈ !

ਉਮਰ ਭਰ ਰਹਿਣ ਵਾਲੀ ਜ਼ਿੰਦਗੀ
ਇੱਥੋਂ ਸ਼ੁਰੂ ਹੁੰਦੀ ਹੈ


ਲੇਨਡ ਹੋਮ
FROM THE HIGH $500s


ਫਰੰਟ ਗੈਰਾਜ
FROM THE MID $700s

ਆਪਣੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਉੱਤਰੀ-ਪੱਛਮੀ ਕੈਲਗਰੀ ਦੇ ਸਭ ਤੋਂ ਵਧੀਆ ਦ੍ਰਿਸ਼ਾਂ ਨੂੰ ਦਰਸਾਉਂਦਾ ਹੈ। ਖੇਡ ਦੇ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਭਾਈਚਾਰੇ ਦੀ ਪੜਚੋਲ ਕਰਨਾ ਆਸਾਨ ਬਣਾਉਂਦੇ ਹਨ। ਨੇੜੇ-ਤੇੜੇ ਕਾਫ਼ੀ ਪ੍ਰਚੂਨ ਅਤੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ, ਐਂਬਲਟਨ ਵਿੱਚ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।

ਆਖਿਰੀ ਫੇਸ ਕਦੋਂ ਰਿਲੀਜ ਹੁੰਦਾ ਹੈ
ਇਹ ਜਾਣਨ ਵਾਲੇ ਪਹਿਲੇ ਵਿਅਕਤੀ ਬਣਨ ਲਈ ਰਜਿਸਟਰ ਕਰੋ।

liveinambleton.com

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO communities

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਚਹਿਲ ਪਰਿਵਾਰ ਦੇ ਲੜਕੇ,ਜਨਮ 1995, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ: ਕੇਟਰਿੰਗ ਐਂਡ ਹੋਟਲ ਮੈਨੇਜਮੈਂਟ ਗਰੈਜੂਏਟ (ਕੋਲਕਾਤਾ) ਰਸੋਈ ਮੈਨੇਜਮੈਂਟ ਪੋਸਟ ਗਰੈਜੂਏਟ ਡਿਪਲੋਮਾ ਇਨ ਕੈਨੇਡਾ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 587 973 4590 ***274***

### ਲੜਕੀ ਦੀ ਲੋੜ

ਨਿਊਜੀਲੈਂਡ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਨਿਊਜੀਲੈਂਡ ਸਰਕਾਰ ਵਿੱਚ ਕੋਰੈਕਸ਼ਨ ਅਫਸਰ ਦੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ,ਜਨਮ 1993, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਬੈਚੂਲਰ ਇਨ ਕਾਮਰਸ, ਨਿਊਜੀਲੈਂਡ ਤੋਂ ਗਰੈਜੂਏਟ ਡਿਪਲੋਮਾ ਇਨ ਅਕਾਊਟਿੰਗ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਛੋਟਾ ਭਰਾ ਕਨੇਡੀਅਨ ਪੀ ਆਰ ਹੈ। ਸੰਪਰਕ :91 99880 03784 ***274***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਸਮਰਾ ਪਰਿਵਾਰ ਦੇ ਨਸ਼ਾ ਰਹਿਤ ਲੜਕੇ, ਜਨਮ 1993 ਕੱਦ 6 ਫੁੱਟ 3 ਇੰਚ, ਵਿਦਿਅਕ ਯੋਗਤਾ ਇਲੈਕਟ੍ਰੀਕਲ ਜਰਨੀਮੈਨ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ :1 780 271 2253 ***274***

### ਲੜਕੇ ਦੀ ਲੋੜ

Sikh Jatt family seeking a suitable match for their beautiful family-oriented daughter, 29 years old, height 5'-4" raised in Calgary. Canadian Citizen with a degree from a Canadian University, now working in a reputable company. Looking for a professional and Canadian educated Jatt Sikh boy raised in Canada. Serious inquiries only 587-703-0343 ***273 ***

### ਲੜਕੇ ਦੀ ਲੋੜ

Jatt Sikh Gill - Canadian Citizen, 29-year-old girl, 5 ft tall, holding a Bachelor of Accounting degree. Currently employed in a government position. She belongs to a well-educated and respected family. Seeking a well-educated, professionally employed match based in Edmonton. Contact: +91- 98761-56620? (WhatsApp only) or 780-203-8689. **273 **

### ਲੜਕੀ ਦੀ ਲੋੜ

Seeking a well-educated, career-driven, and family-oriented bride for our son, who is 34 years old (Never Married),5-10 height, and does business in the Finance Industry. Well-settled Ramgarhia family living in Winnipeg for 17 years. Citizenship holder, clean-shaven. Call at 204 510-7658 For More Information. ***269***

### ਲੜਕੇ ਦੀ ਲੋੜ

Jatt Sikh's parents seeking a suitable match for their Indian born daughter, Canadian citizen, born Dec 1986, 5 1.5" feet, B. Tech & MBA, working in a leading company in a management role. A boy should be well educated in good moral values, either doing a decent job or business. Cell no./WhatsApp +1 587-703-3978 **273F Rana **

### ਲੜਕੇ ਦੀ ਲੋੜ

ਪ੍ਰਜਾਪਤ ਪਰਿਵਾਰ ਦੀ ਕਨੇਡਾ ਰਹਿੰਦੀ ਲੜਕੀ,ਜਨਮ 1991,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: MA (Hindi) M. Ed. PTET CLEAR, National level Rifle shooter having various medals and having "D" course certificate for shooting coach, Currently on study permit master degree in M. Ed in leadership (specialization) for two year course at university of Regina, Canada ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਭਰਾ ਕਨੇਡਾ ਪੀ ਆਰ ਅਤੇ ਪਿਤਾ ਸੈਂਟਰਲ ਸਰਕਾਰ ਦਾ ਅਫਸਰ ਅਤੇ ਮਾਤਾ ਐਜੂਕੇਸ਼ਨ ਵਿਭਾਗ ਵਿੱਚੋਂ ਰਿਟਾਇਰਡ ਹਨ। ਸੰਪਰਕ: 1 437 604 4345 ਜਾਂ 1 647 570 4345 ***273F RG ***

### ਲੜਕੀ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜੇ ਉੱਪਰ ਆਏ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 41 ਸਾਲ,ਕੱਦ 5 ਫੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ:1 431 866 6458 ***272***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਕੈਲਗਰੀ ਵਿੱਚ ਰਹਿੰਦੇ ਲੜਕੇ ਜਨਮ 1992, ,ਕੱਦ 5 ਫੁੱਟ 11 ਇੰਚ,ਵਿਦਿਅਕ ਯੋਗਤਾ: ਡਿਪਲੋਮਾਂ (3 ਸਾਲ)ਮਕੈਨੀਕਲ ਇੰਜੀਨੀਅਰ, ਟਰਾਂਸਪੋਰਟ ਦਾ ਕਾਰੋਬਾਰ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 6.5 ਏਕੜ ਜਮੀਨ ਅਤੇ ਕੈਲਗਰੀ ਵਿੱਚ ਆਪਣਾ ਘਰ ਹੈ। ਸੰਪਰਕ 587 839 7750, 1 825 438 4556, ਈ ਮੇਲ : Virknarinder66 @gmail.com ***272***

### ਲੜਕੇ ਦੀ ਲੋੜ

The Jatt Sikh Rai family is looking for a suitable match for their beautiful, tall Canadian citizen daughter, 31 years old, 5'10 "tall. She is family-oriented, with strong family values, well-educated with an associate degree in Healthcare Information Management, and works as a Project Manager in the healthcare field. We are seeking a tall, handsome individual who is a Canadian citizen and resides in Calgary or nearby areas, with a professional career. For contact, please call, text, or leave a voicemail at 403 478 7405 (for serious inquiries only). ***274***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ, ਉਮਰ 33 ਸਾਲ, ਕੱਦ 6 ਫੁੱਟ, ਹਾਊਸ ਏ ਸੀ ਰਿਪੇਅਰ ਟੈਕਨੀਸ਼ੀਅਨ ਲਈ ਕੈਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਨੂੰ LMIA ਲਈ ਮੱਦਦ ਵੀ ਕਰ ਸਕਦੇ ਹਾਂ । ਸੰਪਰਕ: 1 780 667 7307 ***272***

### ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜ਼ਿਟਰ ਵੀਜ਼ੇ ਉੱਪਰ ਆਏ ਅੰਮ੍ਰਿਤਧਾਰੀ ਲੜਕੇ,ਉਮਰ 27 ਸਾਲ,ਕੱਦ 5 ਫੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 975 3251***272***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦਾ ਲੜਕਾ ਜਨਮ 1984,ਕੱਦ 5 ਫੁੱਟ 10 ਇੰਚ,ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ,ਸਿੰਗਲ,ਉਮਰ 30 ਤੋਂ 38 ਸਾਲ ਵਿਚਕਾਰ ਅਤੇ ਲੜਕੀ ਦਾ ਕੱਦ 5 ਫੁੱਟ 5 ਇੰਚ ਪਲੱਸ ਹੋਵੇ। ਸਿਰਫ ਕਨੇਡਾ ਵਾਲੇ ਹੀ ਸੰਪਰਕ ਕਰਨ। ਕ੍ਰਿਪਾ ਕਰਕੇ ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 587 834 0019 ਜਾਂ ਵਟਸਐਪ 91 9872566405 ***271***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਨਾਈ ਸਿੱਖ ਪਰਿਵਾਰ ਦੀ ਵਿਧਵਾ ਲੜਕੀ(ਬਿਨਾ ਬੱਚੇ ਤੋਂ )ਉਮਰ 37 ਸਾਲ, ਆਰ ਐਨ ਦੀ ਜੌਬ ਕਰਦੀ ਲਈ ਯੋਗ ਕਨੇਡੀਅਨ ਵਰ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: 780 504 6770 ਜਾਂ 1 639 540 0879 ***271***

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਜੱਟ ਸਿੱਖ ਪਰਿਵਾਰ ਦੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ 1587 707 3029 ***271***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਗਰਚਾ ਪਰਿਵਾਰ ਦੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬਿਜਨਿਸ ਇਨ ਅਕਾਊਂਟਿੰਗ ਅਤੇ ਪਲੰਬਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 1 587 568 8796 ਜਾਂ 1 587 568 8795 ***271***,

### ਲੜਕੀ ਦੀ ਲੋੜ

Seeking suitable match for 1994 born, 6 Ft. Tall Canadian Citizen, Saini Sikh, working as Pilot in Canadian airline. Entire family settled in Calgary, Canada. Looking for well educated, cultured, family-oriented bride from Professional background. If Interested send bio data@ +1 403-969-1476, Serious inquiries only (Marriage Bureau Excuse) ***269***,

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਤਲਾਕਸੁਦਾ, ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ, ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 280 0169 ਜਾਂ 1 825 561 2852 ***271***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਸਿੱਖ ਪਰਿਵਾਰ (ਧਿੰਜਨ) ਦੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਪਲੱਸ 2 ਅਤੇ ਸੰਗੀਤ ਡਿਪਲੋਮਾ ਹੋਲਡਰ,ਹਾਰਮੋਨੀਅਮ, ਸਿਤਾਰ ਅਤੇ ਦਿਲਰੁਬਾ ਵਰਗੇ ਸਾਜ਼ ਵਜਾਉਣ ਦੇ ਮਾਹਿਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਕਨੇਡਾ ਵਿੱਚ ਆਪਣਾ ਘਰ ਹੈ। ਸੰਪਰਕ: 403 707 4913 ਜਾਂ ਈ ਮੇਲ: dhinjantirth@gmail.com ***271***

### ਲੜਕੀ ਦੀ ਲੋੜ

ਅੰਬਾਲਾ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ, ਉਮਰ 24 ਕੱਦ 5 ਫੁੱਟ 11 ਇੰਚ, BCA ਡਿਗਰੀ (93%) k-11 ਸਕੂਲ ਫਿਟਨੈਸ ਸਾਇੰਸ ਦਿੱਲੀ ਤੋ ਤਜਰਬੇਕਾਰ ਫਿਟਨੈਸ ਟ੍ਰੇਨਰ ਦੀ ਡਿਗਰੀ ਪ੍ਰਾਪਤ, 22 ਏਕੜ ਜਮੀਨ, ਸ਼ਹਿਰੀ ਅਤੇ ਪੇਂਡੂ ਜਾਇਦਾਦ, ਨਸ਼ਾ ਰਹਿਤ ਲਈ ਕੈਨੇਡਾ ਦੀ ਪੀ-ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਸੰਪਰਕ-sukhivrbhangu75@gmial.com ***270***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਸੈਣੀ ਸਿੱਖ ਪਰਿਵਾਰ ਦੇ ਲੜਕੇ ਉਮਰ 39 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਗਰੇਡ 12 ਅਤੇ ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 918 0576 ***270***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮੋਗਾ ਏਰੀਆ ਦੇ ਪਿਛੋਕੜ ਵਾਲੇ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ਉਮਰ 30 ਸਾਲ,ਕੱਦ 5 ਫੁੱਟ 11 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਬਿਜਨਿਸ ਐਡਮਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਚੰਗੀ ਜੌਬ ਕਰਦੀ ਅੰਮ੍ਰਿਤਧਾਰੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ: 1 587 500 4035 ***270***

### ਲੜਕੇ / ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸੰਘਾ ਪਰਿਵਾਰ ਦੀ ਲੜਕੀ,ਉਮਰ 31 ਸਾਲ,ਕੱਦ 5 ਫੁੱਟ 6 ਇੰਚ, ਬਿਜਨਿਸ ਮੈਨੇਜਮੈਂਟ ਐਡਮਨਿਸਟ੍ਰੇਸ਼ਨ ਡਿਪਲੋਮਾ ਹੋਲਡਰ ਲਈ ਚੰਗੇ ਪੜ੍ਹੇਲਿਖੇ ਲੜਕੇ ਅਤੇ ਇਸੇ ਹੀ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਕਨੇਡਾ ਆਏ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ,ਮਕੈਨੀਕਲ ਇੰਜੀਨੀਅਰਰਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 435 8721 ਜਾਂ 1 587 336 8069 ***270***

### ਲੜਕੇ ਦੀ ਲੋੜ

Jatt-Sikh Family is well established in Saskatoon, Canada. Looking for family-oriented Canadian born, Prefer Professional, well-educated match for their daughter born in 1991, 5"7 vegetarian born Braised in Canada. The daughter is family-oriented, has an education in Pharmacy, and owns her own business and house. Divorced, no kids, wants children. Now living with parents. Preference Alberta or Saskatchewan area. Serious inquiries only. No marriage Bureau calls. Send Bio E Mail: bpandher2007@yahoo.ca ***270***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਢਿੱਲੋਂ ਪਰਿਵਾਰ ਦੇ ਗੁਰਸਿੱਖ ਲੜਕੇ ,ਉਮਰ 29 ਸਾਲ, ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਆਟੋਮੋਬਾਈਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਅਤੇ ਪ੍ਰੋਜੈਕਟ ਮੈਨੇਜਮੈਂਟ ਵਿੱਚ ਪੀਜੀਡੀਪੀ,ਲਈ , ਪੜ੍ਹੀ-ਲਿਖੀ ਪਰਿਵਾਰਕ ਕਦਰਾਂ-ਕੀਮਤਾਂ ਵਾਲੀ ਲੜਕੀ ਜਿਸ ਦਾ ਕੱਦ 5 ਫੁੱਟ 5 ਇੰਚ ਦੇ ਕਰੀਬ ਅਤੇ ਕਨੇਡੀਅਨ ਪੀ ਆਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਕਿਰਪਾ ਕਰਕੇ ਸਿਰਫ਼ ਸੀਰੀਅਸ ਪੁੱਛਗਿੱਛ ਲਈ ਹੀ ਸੰਪਰਕ ਕਰੋ: 587 296 5710 ਜਾਂ 403 926 2362 ***270***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਵੈਜੀਟੇਰੀਅਨ ਲੜਕੇ ਜਨਮ 1989,ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ +2 ਲਈ ਹਾਣ ਪ੍ਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1 780 318 4367 ਜਾਂ 1 780 803 4234 ***269***

### ਲੜਕੀ ਦੀ ਲੋੜ

ਜੱਟ ਸਿੱਖ ਸਰਦਾਰ ਲੜਕਾ ਉਮਰ 28 ਸਾਲ ਫ਼ਾਰਮਿੰਗ ਵਰਕ ਪਰਮਿਟ ਤੇ ਕਨੇਡਾ ਰਹਿੰਦੇ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਲੜਕੀ ਦੀ ਜ਼ਰੂਰਤ ਹੈ । ਲੜਕੇ ਦੀਆਂ ਦੋ ਸਕੀਆਂ ਭੈਣਾਂ ਕਨੇਡਾ ਪੀ ਆਰ ਹਨ । ਮਾਲਵੇ ਨੂੰ ਪਹਿਲ ਸੰਪਰਕ ਨੰਬਰ : 1 604 360 9500 ***269***RG***RP

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਲੜਕੀ, ਉਮਰ 30 ਸਾਲ, ਕੱਦ 5 ਫੁੱਟ 6 ਇੰਚ, ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ, ਲੜਕੇ ਦੇ ਰਿਸਤੇ ਦੀ ਲੋੜ ਹੈ। ਕੈਲਗਰੀ, ਐਡਮਿੰਟਨ ਰਹਿੰਦੇ ਮਾਲਵਾ ਇਲਾਕੇ ਨਾਲ ਸਬੰਧਿਤ ਰਿਸ਼ਤੇ ਨੂੰ ਪਹਿਲ । ਸੰਪਰਕ: 1 780 772 4400 ***269***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 33 ਸਾਲ ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਆਪਣਾ ਘਰ ਹੈ । ਸੰਪਰਕ: 403 479 5585 ਜਾਂ 403 991 5841, ਈ ਮੇਲ: ramanpreetbrar000 @gmail.com ***269***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਪਰਜਾਪਤ,ਤਲਾਕਸ਼ੁਦਾ,ਉਮਰ 40 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: ਬੀਟੈੱਕ, ਕਨੇਡਾ ਦੀ ਐਮਾਜੋਨ ਕੰਪਨੀ ਵਿੱਚ ਅਸਿੱਸਟੈਂਟ ਮੈਨੇਜਰ ਦੀ ਜੌਬ ਕਰਦੇ ਲੜਕੇ ਲਈ ਬਰਾਬਰ ਯੋਗਤਾ ਰੱਖਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਸੰਪਰਕ: 1 587 832 1260 ਜਾਂ 1 780 915 3429 ***269***

### ਲੜਕੀ ਦੀ ਲੋੜ

Calgary based Ravidasia family seeks a suitable match for their son, 1995 born, Canadian citizen, 5'-8", Engineer by profession. Seeking a family oriented & highly qualified match. Please contact with a recent photo to: LCKALER@GMAIL.COM Serious inquiries only. Caste no Bar. Preference given to Alberta and Doaba.***269***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।

ਸੰਪਰਕ : 587 329 7202

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।


ਸੰਪਰਕ 1 780 300 2000 (ਵਟਸਐਪ): 9583592000

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ


ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8




# ਵੰਝਲੀ ਵਾਲੜਿਆ ਵਾਲਾ ਅਹਿਮਦ ਰਾਹੀ ( 3 )

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

1958 ਵਿੱਚ ਨਿਰਮਾਤਾ, ਨਿਰਦੇਸ਼ਕ ਮੀਆਂ ਮੁਸ਼ਤਾਕ ਨੇ ਸੰਗੀਤਕਾਰ ਮਾਸਟਰ ਰਫ਼ੀਕ ਅਲੀ ਦੇ ਸੰਗੀਤ ਵਿੱਚ ਫਿਲਮ ਛੂ ਮੰਤਰ ਦਾ ਨਿਰਮਾਣ ਕੀਤਾ। ਇਸਦੇ ਸੱਤ ਗੀਤ ਅਤੇ ਸੰਵਾਦ ਅਹਿਮਦ ਰਾਹੀ ਨੇ ਹੀ ਲਿਖੇ।21 ਅਪ੍ਰੈਲ 1958 ਨੂੰ ਛੂ ਮੰਤਰ ਪ੍ਰਦਰਸ਼ਿਤ ਕੀਤੀ ਗਈ, ਜੋ ਕਾਮਯਾਬ ਫਿਲਮ ਰਹੀ। ਇਸ ਫਿਲਮ ਵਿੱਚ ਰਾਹੀ ਦੇ ਲਿਖੇ ਗੀਤ ਅੱਜ ਤੱਕ ਲੋਕਾਂ ਦੀ ਪਸੰਦ ਬਣੇ ਹੋਏ ਹਨ ਉਹਨਾਂ ਵਿਚ ਜ਼ੁਬੈਦਾ ਖਾਨਮ ਅਤੇ ਜ਼ਰੀਫ ਦੀ ਆਵਾਜ਼ ਵਿੱਚ ਰਾਹੀ ਦਾ ਇੱਕ ਗੀਤ –

ਬੁਰੇ ਨਸੀਬ ਮੇਰੇ ਵੈਰੀ ਹੋਇਆ ਪਿਆਰ ਮੇਰਾ
ਨਜ਼ਰ ਮਿਲਾ ਕੇ ਕੋਈ ਲੈ ਗਿਆ ਕਰਾਰ ਮੇਰਾ
ਅਜੇ ਖ਼ਾਬ ਹੈ ਅਧੂਰਾ ਮੇਰੀ ਜਵਾਨੀ ਦਾ,
ਸ਼ੁਰੂ ਅਖੀਰ ਨਾ ਲੱਭਦਾ ਮੇਰੀ ਕਹਾਣੀ ਦਾ.
ਬੁਰੇ ਨਸੀਬ ਮੇਰੇ

ਰਿਕਾਰਡ ਦਾ ਲੜੀ ਨੰਬਰ **HMV EKDC** 5027
ਕੰਪਨੀ- ਈ.ਐਮ. ਆਈ ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ-ਮਾਸਟਰ ਰਫੀਕ ਅਲੀ
ਆਵਾਜ਼-ਜੁਬੈਦਾ ਖਾਨਮ ਅਤੇ ਜ਼ਰੀਫ / ਫਿਲਮ-ਛੂ ਮੰਤਰ 1958

ਛੂ ਮੰਤਰ ਵਿੱਚੋਂ ਹੀ ਰਾਹੀ ਦਾ ਲਿਖਿਆ ਤੇ ਸੰਗੀਤਕਾਰ ਰਫ਼ੀਕ ਅਲੀ ਦਾ ਸੰਗੀਤਬੱਧ ਕੀਤਾ ਹੋਇਆ ਗੀਤ ਨੂਰਜਹਾਂ ਦੀ ਆਵਾਜ਼।

ਰਾਤ ਨੂੰ ਜਾਂ ਤਾਂ ਵਿਛੋੜੇ ਵਿੱਚ ਵਿਲਕਦੇ ਪ੍ਰੇਮੀ ਜਾਗਦੇ ਹਨ ਜਾਂ ਅਸਮਾਨ ਵਿੱਚ ਤਾਰੇ।ਇੱਕ ਵਿਯੋਗਣ ਤਾਰਿਆਂ ਨੂੰ ਸੰਬੋਧਨ ਹੋਕੇ ਆਪਣੇ ਦਰਦ ਦਾ ਇਜ਼ਹਾਰ ਕਰਦੀ ਹੈ।

ਐਨੀ ਗੱਲ ਦੱਸ ਦਿਓ ਨਿੱਕੇ ਨਿੱਕੇ ਤਾਰਿਓ
ਤੁਸੀਂ ਕਿਹੜੇ ਚੱਨ ਦੇ ਵਿਛੋੜਿਆਂ ਦੇ ਮਾਰੇ ਓ
ਮੈਨੂੰ ਇਹਨਾਂ ਅੱਖੀਆਂ ਨੇ ਉਹ ਰੋਗ ਲਾਇਆ ਏ
ਜੀਹਨੇ ਮੈਨੂੰ ਜਿਉਂਦੀ ਜਾਣੇਂ ਮਰਨਾ ਸਿਖਾਇਆ ਏ

ਰਿਕਾਰਡ ਦਾ ਲੜੀ ਨੰਬਰ **HMV EKDC**5027
ਕੰਪਨੀ – ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ – ਮਾਸਟਰ ਰਫੀਕ ਅਲੀ
ਆਵਾਜ਼ – ਨੂਰਜਹਾਂ / ਫਿਲਮ – ਛੂ ਮੰਤਰ 1958

1958 ਵਿੱਚ ਨਿਰਮਾਤਾ ਮਲਿਕ ਮੁਬਾਰਕ ਅਹਿਮਦ ਨੇ ਨਿਰਦੇਸ਼ਕ ਐਮ ਜੇ ਰਾਣਾ ਨੂੰ ਲੈਕੇ ਪੰਜਾਬੀ ਫਿਲਮ ਜੱਟੀ ਦਾ ਨਿਰਮਾਣ ਕੀਤਾ। ਇਸ ਫਿਲਮ ਦੇ ਸੰਗੀਤ ਨਿਰਦੇਸ਼ਕ ਸਨ ਬਾਬਾ ਗੁਲਾਮ ਅਹਿਮਦ ਚਿਸ਼ਤੀ। ਗੀਤਕਾਰ ਵੱਜੋਂ ਜ਼ਿਆਦਾ ਗੀਤ ਅਹਿਮਦ ਰਾਹੀ ਤੋਂ ਹੀ ਲਿਖਵਾਏ ਗਏ। 20 ਜੂਨ 1958 ਨੂੰ ਫਿਲਮ @ਜੱਟੀ@ ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਗਈ। ਫਿਲਮ ਕੋਈ ਬਹੁਤੀ ਵੱਡੀ ਕਾਮਯਾਬੀ ਤਾਂ ਨਹੀਂ ਹਾਸਲ ਕਰ ਸਕੀ। ਪਰ ਇਸ ਫਿਲਮ ਵਿਚਲਾ ਅਹਿਮਦ ਰਾਹੀ ਦਾ ਲਿਖਿਆ ਗੀਤ ਜੋ ਜ਼ੁਬੈਦਾ ਖਾਨਮ ਦੀ ਆਵਾਜ਼ ਵਿੱਚ ਰਿਕਾਰਡ ਹੋਇਆ। ਇੱਕ ਅਜਿਹਾ ਗੀਤ ਬਣ ਗਿਆ ਜਿਸਨੂੰ ਪਾਕਿਸਤਾਨ ਵਿੱਚ ਗਾਇੱਕੀ ਦੇ ਪਿੜ ਵਿਚ ਪੈਰ ਰੱਖਣ ਵਾਲੀ ਹਰ ਨਵੀਂ ਕਲਾਕਾਰਾ, ਆਪਣਾ ਅਧਾਰ ਸਮਝਦੀ ਐ। ਇਹ ਗੀਤ ਭਾਰਤ ਵਿੱਚ ਵੀ ਬਹੁਤ ਸੁਣਿਆ ਗਿਆ।

ਮੇਰੀ ਚੁੱਨੀ ਦੀਆਂ ਰੇਸ਼ਮੀ ਤੱਦਾਂ
ਮੈਂ ਘੁੱਟ ਘੁੱਟ ਦੇਨੀ ਆਂ ਗੱਢਾਂ
ਕਿ ਚੱਨਾਂ ਤੇਰੀ ਯਾਦ ਨਾ ਭੁੱਲੇ
ਮੇਰੇ ਸਾਹਵਾਂ ਨਾਲ ਆਵੀਂ ਜਾਵੀਂ
ਮੇਰੀ ਪਲਕਾਂ ਦੀ ਲਾਜ ਨਿਭਾਵੀਂ
ਕਿ ਅੱਖੀਆਂ ਚੋਂ ਨੀਰ ਨਾ ਡੁਲ੍ਹੇ

ਰਿਕਾਰਡ ਦਾ ਲੜੀ ਨੰਬਰ **HMV EKDC** 5029
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ – ਜੀ. ਏ. ਚਿਸ਼ਤੀ
ਆਵਾਜ਼ – ਜੁਬੈਦਾ ਖਾਨਮ / ਫਿਲਮ – ਜੱਟੀ –1958

1959 ਵਿੱਚ ਨਿਰਮਾਤਾ ਬਾਰੀ ਮਲਿਕ ਨੇ ਖਲੀਲ ਕੈਸਰ ਦੀ ਨਿਰਦੇਸ਼ਨਾ ਵਿੱਚ ਸੰਗੀਤਕਾਰ ਸਫਦਰ ਹੁਸੈਨ ਦੇ ਸੰਗੀਤ ਨਾਲ ਫਿਲਮ ਯਾਰ ਬੇਲੀ ਬਣਾਈ।ਇਸ ਫਿਲਮ ਦੇ ਸੰਵਾਦ ਅਤੇ ਗੀਤ ਅਹਿਮਦ ਰਾਹੀ ਨੇ ਲਿਖੇ।10 ਅਪ੍ਰੈਲ 1959 ਨੂੰ ਯਾਰ ਬੇਲੀ ਸਿਨੇਮਾ ਘਰਾਂ 'ਚ ਪ੍ਰਦਰਸ਼ਿਤ ਕੀਤੀਗਈ। ਯਾਰ ਬੇਲੀ ਵਿੱਚੋਂ ਅਹਿਮਦ ਰਾਹੀ ਦਾ ਗੀਤ, ਸਫਦਰ ਹੁਸੈਨ ਦੀ ਉਦਾਸ ਧੁਨ ਅਤੇ ਜ਼ੁਬੈਦਾ ਖਾਨਮ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਗੀਤ–

ਅਸਾਂ ਨੂੰ ਮਾਣ ਪਿਆਰਾਂ ਦਾ, ਤੁਸੀਂ ਓ ਲੋਕ ਬੇਦਰਦੀ
ਅਸਾਂ ਨੂੰ ਮਾਣ ਪਿਆਰਾਂ ਦਾ, ਤੁਸੀਂ ਓ ਲੋਕ ਬੇਦਰਦੀ
ਚੱਗੀਆਂ ਤੂੰ ਕੀਤੀਆਂ ਕਦਰਾਂ, ਪਲਾਂ
ਵਿੱਚ ਫੇਰੀਆਂ ਨਜ਼ਰਾਂ
ਨਾ ਲਈਆਂ ਸਾਡੀਆਂ ਖ਼ਬਰਾਂ, ਤੁਸੀਂ ਓ
ਲੋਕ ਬੇਦਰਦੀ




ਰਿਕਾਰਡ ਦਾ ਲੜੀ ਨੰਬਰ: **EKDC** 5041
ਕੰਪਨੀ- ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ – ਸਫਦਰ ਹੁਸੈਨ
ਆਵਾਜ਼ – ਜੁਬੈਦਾ ਖਾਨਮ / ਫਿਲਮ- ਯਾਰ ਬੇਲੀ 1959

1960 ਵਿੱਚ ਨਿਰਮਾਤਾ ਵਜ਼ੀਰ ਅਲੀ ਨੇ ਨਿਰਦੇਸ਼ਕ ਰਿਆਜ਼ ਅਹਿਮਦ ਰਾਜੂ ਨੇ ਲੈਕੇ ਫਿਲਮ ਮਿੱਟੀ ਦੀਆਂ ਮੂਰਤਾਂ ਬਣਾਈ। ਇਸ ਫਿਲਮ ਦਾ ਸੰਗੀਤ ਬਾਬਾ ਗੁਲਾਮ ਅਹਿਮਦ ਚਿਸ਼ਤੀ ਨੇ ਹੀ ਕੀਤਾ। 21 ਅਕਤੂਬਰ 1960 ਨੂੰ ਇਹ ਫਿਲਮ ਪਾਕਿਸਤਾਨ ਦੇ ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਗਈ। ਟਿਕਟ ਖਿੜਕੀ 'ਤੇ ਫਿਲਮ ਕਾਮਯਾਬ ਨਾ ਹੋਈ। ਇਸ ਵਿਚਲੇ ਰਾਹੀ ਦੇ ਗੀਤ ਜ਼ਰੂਰ ਸਰਾਹੇ ਗਏ,ਜਿਹਨਾਂ ਵਿੱਚ–

ਦਿਲ ਹਾਰਿਆ ਤੇਰੇ ਤੋਂ ਵਾਰਿਆ
ਐਂਵੇ ਰੁੱਸ ਰੁੱਸ ਜਾਵੇਂ ਢੋਲਾ ਪਿਆਰਿਆ
ਵੇ ਸ਼ੱਕਾਂ ਦਿਆ ਮਾਰਿਆ (ਆਵਾਜ਼ - ਨਾਹਿਦ ਨਿਆਜ਼ੀ)
ਦਿਲ ਤੋੜੇਂ ਤੇ ਮਿੱਟੀ ਨੂੰ ਜੋੜੇਂ, ਵੇ ਮੂਰਤਾਂ ਬਣਾਉਣ ਵਾਲਿਆ
ਮੇਰਾ ਦਿਲ ਤੇਰਾ ਦਿਲ ਬਣ ਜਾਵੇ, ਵੇ ਮੈਨੂੰ ਤੜਪਾਉਣ ਵਾਲਿਆ

**(ਆਵਾਜ਼ - ਨਾਹਿਦ ਨਿਆਜ਼ੀ)**

ਮਿੱਟੀ ਦੀਆਂ ਮੂਰਤਾਂ ਵਿੱਚੋਂ ਹੀ ਰਾਹੀ ਦਾ ਲਿਖਿਆ ਤੇ ਬਾਬਾ ਚਿਸ਼ਤੀ ਦਾ ਸੰਗੀਤਬੱਧ ਕੀਤਾ ਨਾਹਿਦ ਨਿਆਜ਼ੀ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਇੱਕ ਹੋਰ ਬਹੁਤ ਖ਼ੂਬਸੂਰਤ ਗੀਤ, ਜੋ ਗੁੱਝੇ ਪਿਆਰ ਦਾ ਇਜ਼ਹਾਰ ਐ :–

ਇਹ ਕਿਤੇ ਪਿਆਰ ਤੇ ਨਹੀਂ,
ਇਹ ਕਿਤੇ ਪਿਆਰ ਤੇ ਨਹੀਂ
ਤੇਰੀ ਚੁੱਪ ਚੁੱਪ,
ਮੇਰੀ ਲੁੱਕ ਛੁੱਪ,
ਕੋਈ ਇੱਕਰਾਰ ਤੇ ਨਹੀਂ
ਇਹ ਕਿਤੇ ਪਿਆਰ ਤੇ ਨਹੀਂ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ **7KCC** 5110
ਕੰਪਨੀ – ਈ. ਐਮ. ਆਈ ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ – ਜੀ. ਏ. ਚਿਸ਼ਤੀ
ਆਵਾਜ਼ – ਨਾਹਿਦ ਨਿਆਜ਼ੀ / ਫਿਲਮ – ਮਿੱਟੀ ਦੀਆਂ ਮੂਰਤਾਂ 1960

ਇਸ ਤੋਂ ਬਾਅਦ ਅਹਿਮਦ ਰਾਹੀ ਲਗਾਤਾਰ ਸਰਗਰਮ ਰਿਹਾ ਪਰ 1967 ਤੋਂ ਲੈਕੇ 1970 ਤੱਕ ਅਹਿਮਦ ਰਾਹੀ ਦਾ ਸਿਖਰ ਰਿਹਾ। 1967 ਵਿੱਚ ਨਿਰਦੇਸ਼ਕ ਮਸੂਦ ਪਰਵੇਜ਼ ਦੀ ਨਿਰਦੇਸ਼ਨਾ ਵਿੱਚ ਪੀਲੂ ਦੀ ਲਿਖਤ ਪੰਜਾਬੀ ਲੋਕ-ਦਾਸਤਾਂ ਮਿਰਜ਼ਾ ਸਾਹਿਬਾਂ 'ਤੇ ਫਿਲਮ ਬਣੀ ਜਿਸ ਦਾ ਨਾਮ ਮਿਰਜ਼ਾ ਜੱਟ ਰੱਖਿਆ ਗਿਆ ਇਸ ਫਿਲਮ ਦਾ ਸੰਗੀਤ ਰਸ਼ੀਦ ਅਤਰੇ ਨੇ ਦਿੱਤਾ, ਮਿਰਜ਼ਾ ਜੱਟ ਦੇ ਸੰਵਾਦ ਅਤੇ ਗੀਤ ਅਹਿਮਦ ਰਾਹੀ ਨੇ ਲਿਖੇ। 24 ਨਵੰਬਰ 1967 ਨੂੰ ਪ੍ਰਦਰਸ਼ਿਤ ਕੀਤੀ ਗਈ ਇਹ ਫਿਲਮ ਟਿਕਟ ਖਿੜਕੀ 'ਤੇ ਪੂਰੀ ਕਾਮਯਾਬ ਹੋਈ। ਇਸ ਫਿਲਮ ਵਿੱਚੋਂ ਨੂਰਜਹਾਂ ਦੀ ਆਵਾਜ਼ ਵਿੱਚ,ਰਸ਼ੀਦ ਅਤਰੇ ਦਾ ਸੰਗੀਤਬੱਧ ਕੀਤਾ ਹੋਇਆ ਅਹਿਮਦ ਰਾਹੀ ਦਾ ਗੀਤ ਅੱਜ ਤੱਕ ਲੋਕਾਂ ਦੇ ਦਿਲਾਂ ਵਿੱਚ ਵਸਿਆ ਹੋਇਆ ਹੈ–

ਸੁੰਝੇ ਦਿਲ ਵਾਲੇ ਬੂਹੇ, ਮੈਂ ਅਜੇ ਨਹੀਂਓ ਢੋਏ
ਵੇ ਤੂੰ ਜੱਮ ਜੱਮ ਆਵੀਂ, ਚੱਨਾਂ ਤਾਰਿਆਂ
ਦੀ ਲੋਏ
ਖੁੱਲ੍ਹੇ ਸੱਧਰਾਂ ਦੇ ਜੂੜੇ, ਲੇਖੀਂ ਗੁੱਝਲਾਂ ਨੇ
ਪਈਆਂ
ਪਲ ਵੀ ਪਲਕ ਨਾ ਲੱਗਦੀ, ਨੀਂਦਾਂ ਉੱਡ
ਪੁੱਡ ਗਈਆਂ
ਖੌਰੇ ਕਿੰਨੇ ਜਗਰਾਤੇ ਮੇਰੇ ਨਾਲ ਨਾਲ ਰੋਏ
ਵੇ ਤੂੰ ਜੰਮ ਜੰਮ ਆਵੀਂ ਚੱਨਾ ਤਾਰਿਆਂ ਦੀ
ਲੋਏ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ **7KCC** 5044
ਕੰਪਨੀ – ਈ. ਐਮ. ਆਈ.ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ – ਰਸ਼ੀਦ ਅੱਤਰੇ
ਆਵਾਜ਼ –ਨੂਰਜਹਾਂ / ਫਿਲਮ – ਮਿਰਜ਼ਾ ਜੱਟ 1967

1968 ਵਿੱਚ ਨਿਰਮਾਤਾ ਨਿਰਦੇਸ਼ਕ ਰਿਆਜ਼ ਅਹਿਮਦ ਨੇ ਲੋਕ ਦਾਸਤਾਂ ਸੱਸੀ ਪੁੰਨੂੰ 'ਤੇ ਫਿਲਮ ਬਣਾਈ। ਇਸ ਦੀ ਕਹਾਣੀ, ਸੰਵਾਦ ਅਤੇ ਗੀਤ ਅਹਿਮਦ ਰਾਹੀ ਨੇ ਲਿਖੇ ਅਤੇ ਸੰਗੀਤ ਰਹਿਮਾਨ ਵਰਮਾ ਦਾ ਸੀ। 26 ਜੁਲਾਈ 1968 ਨੂੰ ਫਿਲਮ ਸੱਸੀ ਪੁੰਨੂੰ ਦਾ ਪ੍ਰਦਰਸ਼ਨ ਕੀਤਾ ਗਿਆ। ਟਿਕਟ ਖਿੜਕੀ 'ਤੇ ਇਸ ਫਿਲਮ ਨੇ ਸਧਾਰਨ ਕਾਰੋਬਾਰ ਕੀਤਾ। ਸੱਸੀ ਪੁੰਨੂੰ ਵਿੱਚੋਂ ਰਹਿਮਾਨ ਵਰਮਾ ਦਾ ਸੰਗੀਤਬੱਧ ਕੀਤਾ ਹੋਇਆ ਮਹਿੰਦੀ ਹਸਨ ਅਤੇ ਨੂਰਜਹਾਂ ਦੀਆਂ ਆਵਾਜ਼ਾਂ ਵਿੱਚ ਅਹਿਮਦ ਰਾਹੀ ਦਾ ਸਦਾਬਹਾਰ ਦੋ-ਗਾਣਾ।

ਜਦੋਂ ਤੇਰੀ ਦੁਨੀਆਂ ਤੋਂ ਪਿਆਰ ਤੁਰ ਜਾਏਗਾ
ਦੱਸ ਫੇਰ ਦੁਨੀਆਂ ਤੇ ਕੀ ਰਹਿ ਜਾਏਗਾ
ਜਦੋਂ ਕੋਈ ਪਿਆਰ ਦੀਆਂ ਕਸਮਾਂ ਨਾ ਖਾਏਗਾ
ਦੱਸ ਫੇਰ ਦੁਨੀਆਂ ਤੇ ਕੀ ਰਹਿ ਜਾਏਗਾ
ਤੈਨੂੰ ਜੇ ਪਿਆਰ ਦੇ ਜਨਾਜ਼ੇ ਚੱਗੇ ਲੱਗਦੇ
ਪਿਆਰ ਵਾਲਾ ਬੁੱਤ ਸਾੜ ਦਿੱਦਾ ਵਿੱਚ ਅੱਗ ਦੇ
ਜਦੋਂ ਪਿਆਰ ਸੜ ਕੇ ਸੁਆਹ ਹੋ ਜਾਏਗਾ
ਦੱਸ ਫੇਰ ਦੁਨੀਆਂ ਤੇ ਕੀ ਰਹਿ ਜਾਏਗਾ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ – **7KCC** 5106
ਕੰਪਨੀ – ਈ ਐਮ ਆਈ ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ – ਰਹਿਮਾਨ ਵਰਮਾ
ਆਵਾਜ਼ – ਨੂਰਜਹਾਂ ਤੇ ਮਹਿੰਦੀ ਹਸਨ / ਫਿਲਮ – ਸੱਸੀ ਪੁੰਨੂੰ 1968

1968 ਵਿੱਚ ਹੀ ਨਿਰਮਾਤਾ ਨਿਰਦੇਸ਼ਕ ਇਜ਼ਾਜ਼ ਦੁਰਾਨੀ ਨੇ ਇੱਕ ਹੋਰ ਲੋਕ ਦਾਸਤਾਂ ਤੇ ਫਿਲਮ ਬਣਾਈ ਜਿਸ ਦਾ ਨਾਮ ਰੱਖਿਆ ਮੁਰਾਦ ਬਲੋਚ ਇਸ ਫਿਲਮ ਲਈ ਸਲੀਮ ਇੱਕ ਬਾਲ ਅਤੇ ਵਜ਼ੀਰ ਅਫਸਰ ਤੋਂ ਸੰਗੀਤ ਕਰਵਾਇਆ ਗਿਆ। ਕਹਾਣੀ, ਸੰਵਾਦ ਅਤੇ ਗੀਤ ਅਹਿਮਦ ਰਾਹੀ ਨੇ ਲਿਖੇ। 4 ਅਕਤੂਬਰ 1968 ਨੂੰ ਪ੍ਰਦਰਸ਼ਿਤ ਕੀਤੀ ਗਈ ਇਹ ਫਿਲਮ ਟਿਕਟ ਖਿੜਕੀ 'ਤੇ ਸਧਾਰਨ ਰਹੀ। ਇਸ ਫਿਲਮ ਵਿੱਚੋਂ ਸਲੀਮ ਇੱਕ ਬਾਲ ਦਾ ਸੰਗੀਤ ਵਿੱਚ ਨੂਰਜਹਾਂ ਦੀ ਆਵਾਜ਼ ਵਿੱਚ ਅਹਿਮਦ ਰਾਹੀ ਦੇ ਬੋਲ। ਸੱਸੀ ਦੇ ਹਾੜ੍ਹੇ–

ਤੋੜ ਨਾ ਚੜ੍ਹਿਆ ਪਿਆਰ ਜਿਹਨਾਂ ਦਾ, ਕੀ ਉਹਨਾਂ ਦਾ ਜੀਣਾ
ਉਹਨਾਂ ਦੇ ਲੇਖਾਂ ਵਿਚ ਲਿਖਿਆ, ਨਿੱਤ ਜ਼ਹਿਰ ਗ਼ਮਾਂ ਦਾ ਪੀਣਾ

ਢੋਲ ਬਲੋਚਾ ਮੋੜ ਮੁਹਾਰਾਂ,
ਮੋੜ ਮੁਹਾਰਾਂ ਤੇ ਆ ਘਰ ਬਾਰਾਂ
ਢੋਲ ਬਲੋਚਾ ਮੋੜ ਮੁਹਾਰਾਂ
ਤੱਕ ਤੱਕ ਰਾਹਵਾਂ, ਭਰਨੀਆਂ ਹਾਵਾਂ,
ਯਾਦਾਂ ਨੂੰ ਰੋ ਰੋਕੇ ਦਿਲ ਨਾਲ ਲਾਵਾਂ
ਦੇ ਕੇ ਵਿਛੋੜਾ ਤੂੰ ਤਾਂ ਲਈਆਂ ਨਾਂ ਸਾਰਾਂ
ਢੋਲ ਬਲੋਚਾ ਮੋੜ ਮੁਹਾਰਾਂ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ **7KCC** 5184
ਕੰਪਨੀ – ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ –ਸਲੀਮ ਇੱਕ ਬਾਲ
ਆਵਾਜ਼ – ਨੂਰਜਹਾਂ ਫਿਲਮ / ਮੁਰਾਦ ਬਲੋਚ 1968

1969 ਨਿਰਦੇਸ਼ਕ ਮਸੂਦ ਪਰਵੇਜ਼ ਨੇ ਨਿੱਕੇ ਹੁੰਦਿਆਂ ਦਾ ਪਿਆਰ ਫਿਲਮ ਬਣਾਈ। ਇਸਦੇ ਸੰਗੀਤ ਲਈ ਵਜ਼ਾਹਤ ਅੱਤਰੇ ਨੂੰ ਚੁਣਿਆ ਗਿਆ। ਸੰਵਾਦ ਤੇ ਗੀਤ ਅਹਿਮਦ ਰਾਹੀ ਦੇ ਸਨ। 14 ਫਰਵਰੀ 1969 ਨੂੰ ਪ੍ਰਦਰਸ਼ਿਤ ਇਹ ਫਿਲਮ ਵਿਉਪਾਰਕ ਪੱਖੋਂ ਸਧਾਰਨ ਹੀ ਰਹੀ, ਪਰ ਇਸ ਦੇ ਗੀਤਾਂ ਨੇ ਤਰਥੱਲੀ ਮਚਾ ਦਿੱਤੀ। ਇਸ ਫਿਲਮ ਵਿੱਚੋਂ ਨੂਰਜਹਾਂ ਦੀ ਆਵਾਜ਼ ਵਿੱਚ ਵਜ਼ਾਹਤ ਅੱਤਰੇ ਦਾ ਸੰਗੀਤ ਅਤੇ ਅਹਿਮਦ ਰਾਹੀ ਦਾ ਗੀਤ। ਆਪਣੇ ਪਿਆਰ ਦਾ ਇਜ਼ਹਾਰ ਕਰਦਾ ਗੀਤ–

ਆਂਦਾ ਤੇਰੇ ਲਈ ਰੇਸ਼ਮੀ ਰੁਮਾਲ
ਵੇ ਉੱਤੇ ਤੇਰਾ ਨਾਂ ਕੱਢਿਆ
ਵੇ ਮੈਂ ਬੜਿਆਂ ਈ ਚਾਵਾਂ ਨਾਲ
ਵੇ ਉੱਤੇ ਤੇਰਾ ਨਾਂ ਕੱਢਿਆ
ਮੈਨੂੰ ਤੇ ਤੇਰੇ ਨਾਲ ਐਨਾ ਸਾਰਾ ਪਿਆਰ ਵੇ
ਖੌਰੇ ਤੇਰਾ ਦਿਲ ਕਵ੍ਹੇ ਕੀ ਦਿਲਦਾਰ ਵੇ
ਚੂੜੀ ਭੰਨਕੇ ਮੈਂ ਕੱਢਦੀ ਆਂ ਸੁਆਲ
ਆਂਦਾ ਤੇਰੇ ਲਈ ਰੇਸ਼ਮੀ ਰੁਮਾਲ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ– **7KCC** 5237
ਕੰਪਨੀ – ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ – ਵਜਾਹਤ ਅੱਤਰੇ
ਆਵਾਜ਼ – ਨੂਰਜਹਾਂ / ਫਿਲਮ– ਨਿੱਕੇ ਹੁੰਦਿਆਂ ਦਾ ਪਿਆਰ 1969

1969 ਵਿੱਚ ਨਿਰਮਾਤਾ ਨਿਰਦੇਸ਼ਕ ਕਾਦਿਰ ਘੋਰੀ ਨੇ ਫਿਲਮ ਨਾਜੋ ਦਾ ਨਿਰਮਾਣ ਕੀਤਾ। ਇਸਦੇ ਸੰਗੀਤ ਨਿਰਦੇਸ਼ਕ ਸਨ ਐਮ.ਅਸ਼ਰਫ਼ ਤੇ ਗੀਤਕਾਰ ਅਹਿਮਦ ਰਾਹੀ। 27 ਜੂਨ 1969 ਨੂੰ ਫਿਲਮ ਨਾਜੋ ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਗਈ। ਇਹ ਟਿਕਟ ਖਿੜਕੀ ਤੇ ਕੋਈ ਬਹੁਤਾ ਮਾਅਰਕਾ ਨਹੀਂ ਮਾਰ ਸਕੀ। ਪਰ ਇਸ ਫਿਲਮ ਵਿੱਚ ਅਹਿਮਦ ਰਾਹੀ ਦਾ ਲਿਖਿਆ ਤੇ ਨੂਰਜਹਾਂ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਗੀਤ ਪਾਕਿਸਤਾਨ ਦੀ ਹਰ ਕਲਾਕਾਰ ਗਾਉਂਦੀ ਹੈ। ਪਿਆਰ ਵਿੱਚ ਧੋਖਾ ਖਾਣ ਤੋਂ ਬਾਅਦ ਵੀ ਪ੍ਰੇਮੀ ਦੀ ਖੈਰ ਮੰਗਦੀ ਇੱਕ ਮੁਟਿਆਰ ਦੇ ਤਰਲੇ

ਨੱਚਿਆਂ ਮੇਰੀ ਜ਼ਾਤ ਨਾ ਘਟਦੀ,
ਮੈਨੂੰ ਨੱਚ ਕੇ ਯਾਰ ਮਨਾਵਣ ਦੇ
ਨਹੀਂ ਤਾਂ ਪ੍ਰੀਤ ਦੀ ਰੀਤ ਨਹੀਂ ਭਾਉਣੀ,
ਮੈਨੂੰ ਪ੍ਰੀਤ ਦੀ ਰੀਤ ਨਿਭਾਵਣ ਦੇ
ਇੱਕ ਮਰ ਜਾਣੀ ਦਾ ਦੁਪੱਟਾ,
ਕਿਸੇ ਦੇ ਸਈਓ ਪੈਰੀਂ ਰੁਲਿਆ
ਜਿਸਦੀ ਖਾਤਰ ਘੁੰਡ ਮੈਂ ਲਾਹਿਆ
ਬਾਬਲ ਦੇ ਵੇਹੜੇ ਨੂੰ ਭੁਲਾਇਆ
ਉਸ ਦੇ ਲਈ ਮੈਂ ਤਾਂ ਗੈਰ
ਇੱਕ ਮਰ ਜਾਣੀਂ ਦਾ ਦੁਪੱਟਾ
ਕਿਸੇ ਦੇ ਸਈਓ ਪੈਰੀਂ ਰੁਲਿਆ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ **7KCC** 5221
ਕੰਪਨੀ – ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ – ਅਹਿਮਦ ਰਾਹੀ / ਸੰਗੀਤ – ਐਮ.ਅਸ਼ਰਫ
ਆਵਾਜ਼ – ਨੂਰਜਹਾਂ / ਫਿਲਮ – ਨਾਜੋ 1969

(ਚਲਦਾ--ਬਾਕੀ ਅਗਲੇ ਅੰਕ ਵਿੱਚ)

## facebook ਫੇਸਬੁੱਕ ਪਰਿਵਾਰ ਦੀਆਂ

# ਨਲਕਿਆਂ ਤੋਂ ਮੁੱਲ ਦੇ ਪਾਣੀ ਤੱਕ ਦਾ ਸਫ਼ਰ

80 ਦੇ ਦਹਾਕੇ ਵਿੱਚ ਖੇਤਾਂ , ਰਸਤਿਆਂ , ਚੌਰਾਹਿਆਂ , ਕੱਸੀ ਨਹਿਰਾਂ ਤੇ ਨਲਕੇ ਆਮ ਸਨ। ਰਾਹਗੀਰ ਜਾਂ ਖੇਤਾਂ ਚ ਕੰਮ ਕਰਦਿਆਂ ਜਦ ਤੇਹ ਲੱਗਦੀ ਤਾਂ ਨੇੜੇ ਤੇੜੇ ਕੋਈ ਨਾ ਕੋਈ ਨਲਕਾ ਜ਼ਰੂਰ ਲੱਭ ਜਾਣਾ। ਸੜਕ 'ਤੇ ਸਫਰ ਕਰਦਿਆਂ ਵੀ ਕਿਤੇ ਨਾ ਕਿਤੇ ਅੱਡੇ ਜਾਂ ਸੂਏ ਨਹਿਰ ਤੇ ਨਲਕਾ ਮਿਲ ਜਾਣਾ , ਗੱਡੀ ਸਕੂਟਰ ਰੋਕ ਕੇ ਠੰਡਾ ਠਾਰ ਪਾਣੀ ਪੀ ਲੈਣਾ।

ਅੱਜ ਦੇ ਹਲਾਤ ਇਹ ਹਨ ਕਿ ਚਾਹੇ ਖੇਤ ਜਾਣਾ ਹੋਵੇ ਚਾਹੇ ਸਫ਼ਰ ਤੇ ਪਾਣੀ ਨਾਲ ਲੈਕੇ ਤੁਰਨਾ ਪੈਂਦਾ ਹੈ। ਖੇਤਾਂ ਘਰਾਂ ਚ ਬੋਰ ਡੂੰਘੇ ਹੋਣ ਕਰਕੇ ਪਾਣੀ ਬੱਬਲਕੱਤਾ ਜਿਹਾ ਨਿੱਕਲਦਾ ਹੈ ਜਿਸ ਨੂੰ



ਸਿੱਧਾ ਪੀਣਾ ਔਖਾ ਲੱਗਦਾ ਅਤੇ ਨਾ ਉਹ ਪਿਆਸ ਬੁਝਾਉਂਦਾ। ਇਸ ਤੋਂ ਪਹਿਲਾਂ ਸੂਏ /ਨਹਿਰ ਦਾ ਪਾਣੀ ਵੀ ਲੋਕ ਆਮ ਹੀ ਪੀਂਦੇ ਸਨ।

ਗੋਡੀ ਲਾਕੇ ਪੀ ਲੈ ਬੱਲੀਏ !
ਠੰਡਾ ਠਾਰ ਨੀ ਕੱਸੀ ਦਾ ਪਾਣੀ

ਇਹ ਗੀਤ ਉਸ ਸਮੇਂ ਦੀ ਤਰਜਮਾਨੀ ਕਰਦੇ ਹਨ। ਪਹਿਲਾਂ ਨਹਿਰਾਂ ਦਰਿਆਵਾਂ ਦਾ ਪਾਣੀ ਦੂਸ਼ਿਤ ਹੋਇਆ ਤੇ ਹੁਣ ਧਰਤੀ ਹੇਠਲਾ। ਕੱਲ ਖੇਤ ਦੋ ਮਹੀਨੇ ਬਾਅਦ ਇੱਕ ਮੋਟਰ ਚਲਾਈ , ਪੰਜ ਸੱਤ ਮਿੰਟ ਸੜਿਆਂਦ ਮਾਰਦਾ ਕਾਲਾ ਪਾਣੀ ਨਿੱਕਲਿਆ। ਇਕੱਲੀਆਂ ਫੈਕਟਰੀਆਂ ਹੀ ਨਹੀਂ , ਲੋਕਾਂ ਨੇ ਫਲੱਸਾਂ ਤੇ ਘਰ ਦੇ ਸਾਬਣ ਸੋਢੇ ਵਾਲੇ ਪਾਣੀ ਵੀ ਧਰਤੀ ਚ ਬੋਰ ਕਰਕੇ ਪਾ ਰੱਖੇ ਨੇ। ਪਾਣੀ ਜੀਵਨ ਦਾ ਅਧਾਰ ਹੈ , ਜਿਸ ਬਿਨਾਂ ਜੀਵ ਜੰਤੂ ,ਬਨਸਪਤੀ ਦਾ ਜੀਵਨ ਸੰਭਵ ਨਹੀਂ। ਗੁਰਬਾਣੀ ਦੀ ਪੰਕਤੀ ਪਾਣੀ ਦੀ ਮਹੱਤਤਾ ਦੱਸਣ ਲਈ ਕਾਫੀ ਹੈ

ਪਹਿਲਾਂ ਪਾਣੀ ਜੀਓ ਹੈ
ਜਿਤ ਹਰਿਆ ਸਭ ਕੋਇ

ਪਰ ਅਫਸੋਸ ! ਮਨੁੱਖ ਨੇ ਤਰੱਕੀ ਦੀ ਦੌੜ ਚ ਆਪਣਾ ਪੀਣ ਵਾਲਾ ਪਾਣੀ ਹੀ ਖਤਮ ਕਿਨਾਰੇ ਕਰ ਦਿੱਤਾ। ਹਰ ਥਾਂ ਮੁੱਲ ਦਾ ਪਾਣੀ ਪੀਣ ਲਈ ਮਜਬੂਰ ਹੋਣਾ ਪੈ ਰਿਹਾ ਜਾਂ ਕੀਤਾ ਜਾ ਰਿਹਾ। ਵੱਡੇ ਸਹਿਰਾਂ ਚ ਸੀਵਰੇਜ਼ ਦਾ ਪਾਣੀ ਸੋਧ ਕੇ ਘਰਾਂ ਨੂੰ ਸਪਲਾਈ ਕੀਤਾ ਜਾ ਰਿਹਾ ਹੈ ਜੋ ਨਹਾਉਣ ਧੋਣ ਕੱਪੜੇ ਧੋਣ ਦੇ ਕੰਮ ਤਾਂ ਆ ਸਕਦਾ ਪਰ ਪੀਣ ਯੋਗ ਨਹੀਂ। ਪੀਣ ਲਈ ਹਰ ਘਰ ਦਫਤਰ ਮੁੱਲ ਦੇ ਕੈਨਾ ਦੀ ਸਪਲਾਈ ਚੱਲਦੀ ਹੈ। ਇਹੀ ਹਾਲਾਤ ਹੌਲੀ ਹੌਲੀ ਛੋਟੇ ਸਹਿਰਾਂ ਤੇ ਫਿਰ ਪਿੰਡਾਂ ਦੇ ਬਣਨ ਵੱਲ ਵਧ ਰਹੇ ਨੇ। ਪਾਣੀ ਡੂੰਘਾ ਜਾਣਾ ਅਲੱਗ ਸਮੱਸਿਆ ਹੈ ਪਰ ਧਰਤੀ ਹੇਠਲੇ ਪਾਣੀ ਦਾ ਪ੍ਰਦੂਸ਼ਿਤ ਹੋਣਾ ਬਹੁਤ ਵੱਡਾ ਅਤੇ ਚਿੰਤਾ ਦਾ ਵਿਸ਼ਾ ਹੈ। ਧਰਤੀ ਚ ਕੁਦਰਤੀ ਤਰੀਕੇ ਪਾਣੀ ਜੀਰਨ ਤੇ ਭੰਡਾਰ ਬਣਨ ਚ ਲੱਖਾਂ ਸਾਲਾਂ ਦਾ ਸਮਾਂ ਲੱਗਦਾ ਹੈ ਪਰ ਅਸੀਂ ਜੜ ਤਾਂ ਕੁੱਝ ਸਾਲਾਂ ਚ ਹੀ ਵੱਢ ਕੇ ਰੱਖ ਦਿੱਤੀ। ਅਸੀਂ ਅਗਲੀਆਂ ਪੀੜ੍ਹੀਆਂ ਨੂੰ ਕੀ ਦੇਕੇ ਜਾ ਰਹੇ ਹਾਂ ? ਕੋਠੀਆਂ , ਬੰਗਲੇ , ਕਾਰਾਂ ਤੇ ਹੋਰ ਮਹਿੰਗੀਆਂ ਜਾਇਦਾਦਾਂ ।।। ਪਰ ਉਨ੍ਹਾਂ ਦੇ ਜਿਉਣ ਲਈ ਪਾਣੀ ਤਾਂ ਛੱਡਿਆ ਨਹੀਂ। ਪਾਣੀ ਦੇ ਪ੍ਰਦੂਸ਼ਣ ਲਈ ਪਹਿਲੀ ਉਂਗਲ ਕਾਰਪੋਰੇਟ ਤੇ ਉੱਠਦੀ ਹੈ ਕਿ ਉਹ ਜਾਣ ਬੁੱਝ ਕੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੇ ਹਨ ਤਾਂ ਜੋ ਬਾਅਦ ਚ ਮੁੱਲ ਦਾ ਪਾਣੀ ਤੇ ਹੋਰ ਪਾਣੀ ਸੋਧਣ ਵਾਲੇ ਜੰਤਰ ਵੇਚੇ ਜਾਣ। ਬੇਸ਼ੱਕ ਹੈ ਗੱਲ ਸੱਚ ਪਰ ਕੀ ਇਹ ਕਾਰਪੋਰੇਟਾਂ ਨੇ ਨਹੀਂ ਮਰਨਾ ? ਕੀ ਉਹ ਲੱਖਾਂ ਸਾਲ ਧਰਤੀ ਤੇ ਬੈਠੇ ਰਹਿਣਗੇ ? ਜਾਂ ਉਨ੍ਹਾਂ ਦੀ ਕਾਰਪੋਰੇਟੀ ਪੀੜ੍ਹੀ ਦਰ ਪੀੜ੍ਹੀ ਸਦੀਆਂ ਤੱਕ ਚੱਲਦੀ ਰਹੇਗੀ ? ਐਥੇ ਬਥੇਰੇ ਹੋ ਹੋ ਤੁਰ ਗਏ , ਜਦ ਉਹਦੀ ਨਿਗਾਹ ਪੁੱਠੀ ਪੈਂਦੀ ਐ ਤਾਂ ਰਾਜਿਆਂ ਤੋਂ ਰੰਕ ਬਣਾ ਦਿੰਦਾ। ਗੁਰਬਾਣੀ ਸੱਚ ਕਹਿੰਦੀ ਹੈ ਕਿ " ਪਾਪਾਂ ਬਾਂਝ ਨਾ ਹੋਇ ਕੱਠੀ , ਮੋਇਆ ਸਾਥ ਨਾ ਜਾਇ "। ਆਪਣੇ ਆਪ ਨੂੰ ਸਾਰੇ ਜੀਵਾਂ ਦਾ ਸਰਦਾਰ ਕਹਾਉਂਦਾ ਬੰਦਾ ਹੀ ਇਸ ਧਰਤੀ ਤੇ ਸਭ ਤੋਂ ਵੱਧ ਖਤਰਨਾਕ ਜਾਨਵਰ ਹੈ। ਧਰਤੀ ਹੇਠਲੇ ਪਾਣੀ ਨੂੰ ਗੰਧਾਲਣ ਵਾਲੇ ਘੋਰ ਮਹਾਂਪਾਪ ਕਰ ਰਹੇ ਹਨ , ਕਿਉਂਕਿ ਇਸ ਦਾ ਅਸਰ ਅੱਗੇ ਕਈ ਸਦੀਆਂ ਤੱਕ ਰਹੇਗਾ। ਸੋਚਕੇ ਦੇਖੋ! ਕੀ ਖੱਟਿਆ ਕੀ ਗਵਾਇਆ ?




ਮੁਖਤਿਆਰ ਪੱਖੋ ਦੀ ਬਿਜਲਈ ਕੰਧ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ




# ਕਿਸ ਤਰ੍ਹਾਂ ਆਪਣੇ ਗਰਾਂ ਅੱਜ ਕੱਲ੍ਹ ਉਤਰਦੀ ਸ਼ਾਮ ਲਿਖ

ਕਿਸ ਤਰ੍ਹਾਂ ਆਪਣੇ ਗਰਾਂ ਅੱਜ ਕੱਲ੍ਹ ਉਤਰਦੀ ਸ਼ਾਮ ਲਿਖ
ਕੀ ਅਜੇ ਕੱਚੇ ਘਰਾਂ ਵਿੱਚ ਹੈ ਮੁਹੱਬਤ ਆਮ ਲਿਖ
ਕੀ ਅਜੇ ਵੀ ਅੱਲੜ੍ਹਾਂ ਪਟਵਾਰੀ ਨੂੰ ਹੈ ਕਹਿੰਦੀਆਂ
ਜਿੰਦ ਸਾਡੀ ਕਾਗਜ਼ਾਂ ਵਿੱਚ ਯਾਰ ਦੇ ਤੂੰ ਨਾਮ ਲਿਖ। (ਜਗਤਾਰ)

ਇਕ ਵਾਰੀ ਮੈਂ ਅਖ਼ਬਾਰ ਵਿੱਚ ਰਿਸ਼ਤੇ ਬਾਰੇ ਇਸ਼ਤਿਹਾਰ ਪੜ੍ਹਿਆ, ਜਿਸ ਰਾਹੀਂ ਰਿਸ਼ਤੇ ਦੇ -ਹਲੇ ਪਲਦੇ ਸੌਦੇ ਦੀ ਗੱਲ ਤੋਰੀ ਗਈ ਸੀ। ਮੈਂ ਤਾਂ ਇਹ ਵੀ ਸੁਣਿਆ ਹੈ ਕਿ ਅਜਿਹੇ ਇਸ਼ਤਿਹਾਰ ਮਾਂ ਦੀ ਕੁੱਖ ਲਈ ਵੀ ਛਪ ਰਹੇ ਹਨ। ਰਿਸ਼ਤਿਆਂ ਨੂੰ ਮੰਡੀ ਦਾ ਮਾਲ ਬਣਾ ਕੇ ਖ੍ਰੀਦਿਆ ਤੇ ਵੇਚਿਆ ਜਾ ਰਿਹਾ ਹੈ। ਇਹ ਸੌਦਾ ਕਿਸੇ ਦੇ ਭਵਿੱਖੀ ਸੁਪਨਿਆਂ ਦਾ, ਮਨ ਅੰਦਰ ਪਲਰਦੇ ਅਰਮਾਨਾ ਦਾ, ਕਿਸੇ ਦੀ ਕਲਪਨਾ ਵਿੱਚ ਉਸਰੇ ਖ਼ੂਬਸੂਰਤ ਸੰਸਾਰ ਦਾ ਜਾਂ ਕਿਸੇ ਅਲ੍ਹੜ-ਵਰੇਸ ਸੀਨੇ ਖੁਣੇ ਨਕਸ਼ਾਂ ਦਾ ਸੌਦਾ ਪਤਾ ਨਹੀਂ ਕਿਵੇਂ ਸੰਭਵ ਹੋ ਸਕਦਾ ਹੈ। ਸੁਣਿਆ ਹੈ ਮੰਡੀ ਦੇ ਇਸ ਯੁਗ ਵਿੱਚ ਕਾਗ਼ਜ਼ੀ ਵਿਆਹ ਸਮੇ ਜਾਹਲੀ ਸਾਕ-ਸਬੰਧੀ ਵੀ ਦਿਹਾੜੀ ਤੇ ਮਿਲ ਜਾਂਦੇ ਹਨ। ਕਿਸੇ ਇੱਕ ਦੇ ਲੇਖੇ ਜੂਨ ਲਾ ਕੇ ਤੁਰ ਜਾਣ ਵਾਲੀ ਦੁਨੀਆਂ ਨੂੰ ਖਾਰਜ ਕਰ ਕੇ ਕੀਤੇ ਇਹ ਰਿਸ਼ਤੇ ਇੱਕ ਦੂਜੇ ਦੀ ਮਨ-ਮਿੱਟੀ ਵਿੱਚ ਉੱਗਣ, ਵਿਗਸਣ ਅਤੇ ਮੌਲਣ ਦੀ ਥਾਂ ਸੱਪ ਕੁੰਡਲੀ ਮਾਰ ਕੇ ਸਾਹਾਂ ਨੂੰ ਕੈਦ ਕਰਦਾ ਸੰਬੰਧ ਸਾਰੀ ਉਮਰ ਕੰਡਿਆਲੀ ਵਾੜ ਬਣ ਕੇ, ਲਛਮਣ ਰੇਖਾ ਉਲੀਕਦਾ ਜਾਂ ਅਮਰਵੇਲ ਵਾਂਗ ਆਪਣੀ ਹੋਂਦ ਨੂੰ ਪਾਲਦਾ ਦੂਜੇ ਦੀ ਜੂਨ ਦੂੱਭਰ ਕਰਦਾ ਹੋਵੇਗਾ। ਰਿਸ਼ਤਾ ਕੋਈ ਅਲਜਬਰਾ ਜਾਂ ਜੁਮੈਟਰੀ ਦਾ ਸਵਾਲ ਨਹੀਂ ਜੋ ਫਾਰਮੂਲੇ ਤੇ ਹੱਲ ਹੋ ਜਾਵੇ। ਸੌਦੇਬਾਜ਼ੀ ਦਾ ਹਸ਼ਰ ਤਾਂ ਅਪੀਲਾਂ, ਵਕੀਲਾਂ ਜਾਂ ਦਲੀਲਾਂ ਵਿਹੜੇ ਜਾ ਖਿਲਰਦਾ ਹੋਵੇਗਾ। ਮਨ ਦੀ ਦੁਨੀਆਂ ਆਬਾਦ ਕਰਦਿਆਂ ਇਹ ਤਾਂ ਪਤਾ ਹੀ ਨਹੀਂ ਕਦੋਂ, ਪਤਾ ਨਹੀਂ ਕਿੱਥੇ ਅਤੇ ਪਤਾ ਨਹੀਂ ਕਿਸ ਨਾਲ ਸਹਿਜੇ ਹੀ ਜਾ ਪੁੰਗਰੇ। ਜ਼ਰੂਰੀ ਨਹੀਂ ਅਜਿਹੇ ਵੇਲੇ ਰਿਸ਼ਤੇ ਦਾ ਕੋਈ ਨਾਮ ਹੋਵੇ ਜਾਂ ਕੋਈ ਸਿਰਲੇਖ ਹੋਵੇ। ਕਿਸੇ ਨਾਲ ਵੀ ਸਬੱਬੀਂ ਪੈਂਦਾ ਵਾਹ ਕਦੋਂ ਅਪਣੱਤ, ਸੰਬੰਧ ਜਾਂ ਸਦੀਵੀ ਸਾਂਝ ਵਿਚ ਵਟ ਜਾਏ ਕਿਹਾ ਨਹੀਂ ਜਾ ਸਕਦਾ। ਇਸ ਲਈ ਕੋਈ ਸਿਖਲਾਈ, ਕੋਈ ਟਰੇਨਿੰਗ ਜਾਂ ਸਿਲੇਬਸ ਨਹੀਂ ਹੁੰਦਾ। ਬਸ ਹੋ ਜਾਂਦਾ ਹੈ ਜਿਵੇਂ ਧਰਤ ਵਿੱਚੋਂ ਦਾਣੇ ਪੁੰਗਰਦੇ ਨੇ, ਜਿਵੇਂ ਫੁੱਲ ਖਿੜਦੇ ਨੇ, ਜਿਵੇਂ ਕਣੀਆਂ ਪੈਂਦੀਆਂ ਨੇ। ਇਉਂ ਹੀ ਮੇਰੇ ਨਾਲ ਕਦੇ ਪਨਪੀ ਸਾਂਝ ਦਾ ਜ਼ਿਕਰ ਮਿਸਾਲ ਵੱਜੋਂ ਛੋਹ ਰਹੀ ਹਾਂ।

ਕਈ ਦਹਾਕੇ ਹੋਏ, ਮੇਰੇ ਯੂਨੀਵਰਸਿਟੀ ਦੇ ਘਰ ਵਿੱਚ ਇੱਕ ਦਿਨ ਇੱਕ ਸੋਹਣਾ ਜਵਾਨ ਆਇਆ। ਸੋਹਣੀ ਦਿੱਖ ਵਾਲੇ ਉਸ ਜਵਾਨ ਦੀ ਹਰ ਅਦਾ ਵਿੱਚ ਸਲੀਕਾ ਸੀ। ਉਸ ਨੇ ਕਿਹਾ,'ਮੇਰਾ ਨਾਮ ਅਵਜੀਤ ਸਿੰਘ ਸਿੱਧੂ ਹੈ। ਮੈਂ ਤੁਹਾਡੇ ਨਾਲ ਕੋਈ ਜ਼ਰੂਰੀ ਗੱਲ ਕਰਨੀ ਹੈ'। ਉਸ ਨੂੰ ਅੰਦਰ ਤਕ ਲੈ ਕੇ ਆ ਰਹੀ ਮੈਂ ਸੋਚ ਰਹੀ ਸੀ ਕਿਸੇ ਵਿਦਿਆਰਥੀ ਦੀਆਂ ਘੱਟ ਹਾਜ਼ਰੀਆਂ ਬਾਰੇ ਗੱਲ ਕਰਨ ਆਇਆ ਹੋਣੈ। ਉਸ ਨੇ ਪੂਰੀ ਹਲੀਮੀ ਨਾਲ ਜਿਵੇਂ ਤੋਲ ਕੇ ਸ਼ਬਦ ਬੋਲੇ,'ਮੈਂ ਆਪਣੀ ਭੈਣ ਦੇ ਮੈਟਰੀਮੋਨੀਅਲ ਲਈ ਜਿੱਥੇ ਗੱਲ ਤੋਰੀ ਹੈ, ਉਹ ਤੁਹਾਡਾ ਜਮਾਤੀ ਹੈ। ਮੈਨੂੰ ਉਸ ਨੇ ਕਿਹਾ ਹੈ ਕਿ ਮੈਂ ਪਹਿਲਾਂ ਸਾਰੀ ਗੱਲ ਤੁਹਾਡੇ ਨਾਲ ਕਰ ਲਵਾਂ।'ਮੈਂ ਉਸ ਦੀ ਭੈਣ ਦੀ ਉਮਰ, ਕੱਦ ਅਤੇ ਯੋਗਤਾ ਮੇਰੇ ਉਸ ਜਮਾਤੀ ਨਾਲ ( ਜੋ ਹੁਣ ਜੱਗ ਤੇ ਨਹੀਂ ਰਿਹਾ ), ਬੇ-ਮੇਚ ਤੁਲਦੀ ਦੇਖੀ ਤਾਂ ਇਸ ਸਵਾਲ ਤੇ ਕਾਟਾ ਹੀ ਮਾਰ ਦਿੱਤਾ। ਉਹ ਹੈਰਾਨ ਹੋਇਆ ਮੇਰੀ ਵਿਚੋਲਗਿਰੀ ਬਾਰੇ ਕਹਿ ਰਿਹਾ ਸੀ ਕਿ ਉਸ ਲੜਕੇ ਨੇ ਤਾਂ ਤੁਹਾਡੇ ਤੇ ਪੂਰਾ ਮਾਣ ਕਰ ਕੇ ਕਿਹਾ ਹੈ। ਮੈਂ ਕਿਹਾ ਮਾਣ ਆਪਣੀ ਥਾਂ ਤੇ ਹੈ ਪਰ ਉਹ ਤੁਹਾਡੀ ਭੈਣ ਦੇ ਕਾਬਲ ਨਹੀਂ ਹੈ। ਉਸ ਪਿੱਛੋਂ ਅਸੀਂ ਕਾਫ਼ੀ ਸੁਖਾਵੇਂ ਮਾਹੌਲ ਵਿਚ ਕਈ ਗੱਲਾਂ ਕੀਤੀਆਂ। ਜਦੋਂ ਉਹ ਜਾਣ ਲੱਗਾ ਤਾਂ ਮੇਰਾ ਬਾਹਰਲਾ ਗੇਟ ਟੱਪਣ ਤੋਂ ਪਹਿਲਾਂ ਵਾਪਸ ਆ ਗਿਆ, ਕਹਿਣ ਲੱਗਾ–

'ਜੇ ਤੁਸੀਂ ਬੁਰਾ ਨਾ ਮਨਾ- ਮੈਂ ਕਦੇ ਕਦੇ ਤੁਹਾਡੇ ਘਰ ਆ ਜਾਇਆ ਕਰਾਂ।'

ਮੈਨੂੰ ਉਸ ਦੀ ਸਰਲਤਾ ਅਤੇ ਬੇ-ਬਾਕੀ ਵਧੀਆ ਲੱਗੀ। ਜਿਸ ਰਿਸ਼ਤੇ ਲਈ ਉਹ ਆਇਆ ਸੀ, ਉਹ ਤਾਂ ਨਾ ਹੋਇਆ, ਪਰ ਕਿਸੇ ਹੋਰ ਸਾਂਝ ਦੇ ਉਹ ਬੀਜ ਕੇਰ ਗਿਆ। ਮੈਂ ਆਪਣੇ ਬੇਟੇ ਦੀ ਸ਼ਾਦੀ ਦੇ ਕਾਰਡ ਵੰਡਣ ਵੇਲੇ ਜਦ ਸੂਚੀ ਤਿਆਰ ਕੀਤੀ, ਉਸ ਦਾ ਨਾਮ ੳ ਤੋਂ ਹੋਣ ਕਰ ਕੇ ਪਹਿਲਾ ਕਾਰਡ ਉਸ ਦੇ ਨਾਮ ਲਿਖਿਆ। ਅੱਜ ਕਈ ਦਹਾਕੇ ਬੀਤਣ ਮਗਰੋਂ ਵੀ ਸਾਡੀ ਸਾਂਝ ਸੰਘਣੀ ਅਤੇ ਸੱਜਰੀ ਹੈ। ਇੱਕ ਛੋਟਾ ਜਿਹਾ ਸਬੱਬ ਇੱਕ ਸਦੀਵੀ ਸਾਂਝ ਦੀ ਹਾਲੇ ਵੀ ਹਾਮੀ ਭਰਦਾ ਹੈ, ਜਿੱਥੇ ਕੋਈ ਵੱਟ ਦਾ ਰੌਲਾ ਨਹੀਂ, ਕੋਈ ਰੁਤਬੇ ਜਾਂ ਉਮਰ ਦਾ ਰੱਫੜ ਨਹੀਂ, ਕੋਈ ਵੀਹੜੀ ਨਹੀਂ, ਪਰ ਆਪਸੀ ਦੁੱਖ-ਸੁੱਖ ਦੀ ਭਾਈਵਾਲੀ ਕਾਇਮ ਹੈ।


## ਸਿੱਖ ਜਗਤ ਲਈ ਸੋਚਣ ਦਾ ਵਿਸ਼ਾ :

# ਬਲਿਊ ਸਟਾਰ ਅਪ੍ਰੇਸ਼ਨ ਲਈ ਜ਼ਿੰਮੇਵਾਰ ਕੌਣ?



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ–
94178 13072

ਸਰੀਰਕ ਜ਼ਖ਼ਮ ਸਮੇਂ ਦੇ ਬੀਤਣ ਨਾਲ ਰਿਸਣ ਤੋਂ ਹੱਟ ਜਾਂਦੇ ਹਨ, ਪ੍ਰੰਤੂ ਮਾਨਸਿਕ ਜ਼ਖ਼ਮ ਹਮੇਸ਼ਾ ਅੱਲੇ ਰਹਿੰਦੇ ਹਨ ਤੇ ਰਿਸਣ ਤੋਂ ਕਦੀਂ ਬੰਦ ਨਹੀਂ ਹੁੰਦੇ। ਜੇਕਰ ਸਰੀਰਕ ਤੇ ਮਾਨਸਿਕ ਦੋਵੇਂ ਤਰ੍ਹਾਂ ਦੇ ਜ਼ਖ਼ਮ ਹੋਣ ਤਾਂ ਫਿਰ ਉਨ੍ਹਾਂ ਦੇ ਰਿਸਣ ਦੇ ਬੰਦ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿੱਖਾਂ ਦੇ ਸਰਵੋਤਮ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 40 ਦੇ ਕਰੀਬ ਗੁਰੂ ਘਰਾਂ ‘ਤੇ ਭਾਰਤੀ ਫ਼ੌਜਾਂ ਵੱਲੋਂ ਕੀਤੇ ਗਏ ਬਲਿਊ ਸਟਾਰ ਅਪ੍ਰੇਸ਼ਨ ਦੇ ਨਾਮ ਦੇ ਅਤਿਅੰਤ ਦੁੱਖਦਾਈ ਕੀਤੇ ਨੂੰ ਹਮਲੇ ਨੂੰ ਭਾਵੇਂ 41 ਸਾਲ ਹੋ ਗਏ ਹਨ ਪ੍ਰੰਤੂ ਉਸਦੇ ਜ਼ਖ਼ਮ ਅਜੇ ਵੀ ਅੱਲੇ ਹੀ ਹਨ, ਰਿਸਦੇ ਹਨ ਤੇ ਹਮੇਸ਼ਾ ਰਿਸਦੇ ਵੀ ਰਹਿਣਗੇ। ਸਿੱਖਾਂ ਨੂੰ ਕੁਝ ਲੋਕ ਸਲਾਹ ਦਿੰਦੇ ਹਨ ਕਿ ਉਸ ਮੰਦਭਾਗੀ ਹਮਲੇ ਨੂੰ ਭੁੱਲ ਜਾਓ, ਪ੍ਰੰਤੂ ਕਹਿਣਾ ਸੌਖਾ ਹੈ, ਭੁੱਲਣਾ ਅਸੰਭਵ ਹੈ, ਜਿਸਦਾ ਦਿਲ ਵਲੂੰਧਰਿਆ ਗਿਆ ਹੋਵੇ, ਉਸਦਾ ਦੁੱਖ ਉਹ ਹੀ ਮਹਿਸੂਸ ਕਰ ਸਕਦਾ ਹੈ। ਸਰਕਾਰੀ ਕਰੂਰਤਾ ਦੀ ਚੀਸ ਖ਼ਤਮ ਹੋਣ ਵਾਲੀ ਨਹੀਂ ਹੈ। ਕੋਈ ਵੀ ਗੁਰੂ ਦਾ ਸੱਚਾ ਸਿੱਖ ਉਸ ਅਣਮਨੁੱਖੀ ਹਮਲੇ ਦੇ ਸੰਤਾਪ ਨੂੰ ਭੁੱਲਣ ਦੀ ਗੁਸਤਾਖ਼ੀ ਕਰ ਹੀ ਨਹੀਂ ਸਕਦਾ। ਅਣਗਿਣਤ ਬੇਦੋਸ਼ੇ ਸ਼ਰਧਾਲੂਆਂ ਦੇ ਡੁਲ੍ਹੇ ਖ਼ੂਨ ਸਿਆਸਤਦਾਨਾ ਦੀਆਂ ਰੂਹਾਂ ਨੂੰ ਤੜਪਾਉਂਦੇ ਰਹਿਣਗੇ। ਸ੍ਰੀ ਹਰਿਮੰਦਰ ਸਾਹਿਬ ‘ਤੇ ਹਮਲਾ ਵੀ ਭਾਰਤ ਦੀ ਉਸ ਫ਼ੌਜ ਵੱਲੋਂ ਕੀਤਾ ਗਿਆ, ਜਿਸ ਵਿੱਚ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਕੁਰਬਾਨੀਆਂ ਦੇਣ ਵਾਲਿਆਂ ਵਿੱਚ ਸਿੱਖ ਸ਼ਾਮਲ ਹੀ ਨਹੀਂ ਸਗੋਂ ਮੋਹਰੀ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਦੁੱਖ ਇਸ ਗੱਲ ਦਾ ਵੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ‘ਤੇ ਹਮਲਾ ਕਰਨ ਵਾਲੇ ਫ਼ੌਜੀਆਂ ਦੀ ਅਗਵਾਈ ਦੋ ਸਿੱਖ ਜਰਨੈਲ ਆਰ ਐਸ ਦਿਆਲ ਸਲਾਹਕਾਰ ਰਾਜਪਾਲ ਪੰਜਾਬ ਅਤੇ ਲੈਫ਼ ਜਨਰਲ ਕੁਲਦੀਪ ਸਿੰਘ ਬਰਾੜ ਕਰ ਰਹੇ ਸਨ। ਏਥੇ ਹੀ ਬਸ ਨਹੀਂ ਦੇਸ਼ ਦੀਆਂ ਫ਼ੌਜਾਂ ਦੇ ਮੁੱਖੀ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਗ੍ਰਹਿ ਮੰਤਰੀ ਬੂਟਾ ਸਿੰਘ ਵੀ ਦੋਵੇਂ ਅੰਮ੍ਰਿਤਧਾਰੀ ਸਿੱਖ ਸਨ। ਫਿਰ ਸਰਕਾਰੀਤੰਤਰ ਵੱਲੋਂ ਬ੍ਰਿਤਾਂਤ ਇਹ ਸਿਰਜਿਆ ਗਿਆ ਕਿ ਇਸ ਕਾਰਵਾਈ ਦੇ ਜ਼ਿੰਮੇਵਾਰ ਇੱਕੋ-ਇੱਕ ਵਿਅਕਤੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤਾਂ ਸਿੱਖ ਧਰਮ ਦੇ ਪ੍ਰਚਾਰਕ ਸਨ। ਉਹ ਤਾਂ ਦਮਦਮੀ ਟਕਸਾਲ ਦੇ ਮੁੱਖੀ ਹੁੰਦੇ ਹੋਏ, ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ, ਉਹ ਕਿਸੇ ਸਿਆਸੀ ਪਾਰਟੀ ਨਾਲ ਸੰਬੰਧਤ ਸਿਆਸਤਦਾਨ ਨਹੀਂ ਸਨ। ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਇਹ ਸਾਰਾ ਕੁਝ ਕੇਂਦਰ ਸਰਕਾਰ ਵੱਲੋਂ ਪ੍ਰਕਾਸ਼ਤ ਕੀਤੇ ‘ਵਾਈਟ ਪੇਪਰ’ ਅਤੇ ਇੰਦਰਾ ਗਾਂਧੀ ਵੱਲੋਂ ਦੋ ਜੂਨ 1984 ਨੂੰ ਰੇਡੀਓ ਦੇ ਦਿੱਤੇ ਗਏ ਭਾਸ਼ਣ ਵਿੱਚ ਕਿਹਾ ਗਿਆ ਹੈ। ਇੰਦਰਾ ਗਾਂਧੀ ਨੇ ਸੰਸਦ ਵਿੱਚ ਹੋਈ ਡੀਬੇਟ ਵਿੱਚ ਕਿਹਾ ਸੀ ਕਿ ਪੰਜਾਬ ਦੀ ਸਮੱਸਿਆ ਦਾ ਕੋਈ ਹਲ ਨਾ ਲੱਭਣ ਅਤੇ ਸ੍ਰੀ ਹਰਿਮੰਦਰ ਸਾਹਿਬ ‘ਤੇ ਹਮਲੇ ਦੀ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖੁਦ ਹੈ ਕਿਉਂਕਿ ਹਰ ਮੀਟਿੰਗ ਵਿੱਚ ਉਹ ਨਵੀਂ ਮੰਗ ਰੱਖ ਦਿੰਦੇ ਸਨ। ਕੇਂਦਰ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਮੁੱਚੇ ਸਿੱਖਾਂ ਨੂੰ ਲੋਕਾਂ ਦੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਖਾਸ ਤੌਰ ‘ਤੇ ਸਿੱਖਾਂ ਦੇ ਨੇਤਾ ਜਿਹੜੇ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਵਿੱਚ ਹਿੱਸਾ ਲੈਂਦੇ ਰਹੇ, ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਇਨ੍ਹਾਂ ਗੱਲਾਂ ਦਾ ਖੰਡਨ ਨਹੀਂ ਕੀਤਾ। ਇਸ ਲਈ ਇਕਪਾਸੜ ਕਹਾਣੀ ਮੀਡੀਆ ਵਿੱਚ ਆਉਂਦੀ ਰਹੀ। ਇਹ ਸਾਰਾ ਕੁਝ ਨੈਟ ‘ਤੇ ਪਿਆ ਹੈ ਤੇ ਰਹਿੰਦੀ ਦੁਨੀਆਂ ਤੱਕ ਪਿਆ ਰਹੇਗਾ। ਜਦੋਂ ਵੀ ਕੋਈ ਬਲਿਊ ਸਟਾਰ ਅਪ੍ਰੇਸ਼ਨ ਬਾਰੇ ਜਾਨਣ ਲਈ ਨੈਟ ਤੋਂ ਪਤਾ ਕਰੇਗਾ ਤਾਂ ਇਹੋ ਨੈਗੇਟਿਵ ਜਵਾਬ ਮਿਲੇਗਾ। ਸਿੱਖ ਬਦਨਾਮ ਹੁੰਦੇ ਰਹਿਣਗੇ। ਇਸ ਸਾਰੇ ਕੁਝ ਦੇ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਰਾਣੀ ਲੀਡਰਸ਼ਿਪ ਹੈ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀਆਂ ਚਾਰ ਵਾਰ ਸਰਕਾਰਾਂ ਰਹੀਆਂ, ਕਿਸੇ ਨੇ ਵੀ ਇਸ ਗੰਭੀਰ ਇਲਜ਼ਾਮਾਂ ਦਾ ਖੰਡਨ ਨਹੀਂ ਕੀਤਾ ਅਤੇ ਨਾ ਹੀ ਕੋਈ ਸਾਰਥਿਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਿਲੇ ਹਥਿਆਰਾਂ ਦੀ ਨੁਮਾਇਸ਼ ਲਾ ਕੇ ਬਦਨਾਮ ਕੀਤਾ। ਇਸ ਦਾ ਵੀ ਅਕਾਲੀਆਂ ਦੀ ਲੀਡਰਸ਼ਿਪ ਨੇ ਖੰਡਨ ਨਹੀਂ ਕੀਤਾ। ਜੇ ਹਥਿਆਰਾਂ ਦਾ ਬਰਾਮਦ ਹੋਣਾ ਸੱਚ ਹੈ ਤਾਂ ਇਹ ਹਥਿਆਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਸੁਰੱਖਿਆ ਫੋਰਸਾਂ ਦੇ ਨਾਕਿਆਂ ਰਾਹੀਂ ਲੰਘਕੇ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਕਿਵੇਂ ਪਹੁੰਚੇ? ਜਨਰਲ ਸ਼ੁਬੇਗ ਸਿੰਘ ਤੇ ਇਲਜ਼ਾਮ ਹੈ ਕਿ ਉਸਨੇ ਨੌਜਵਾਨਾ ਨੂੰ ਹਥਿਆਰਾਂ ਨਾਲ ਲਾਮਬੰਦ ਕਰਨ ਵਿੱਚ ਭੂਮਿਕਾ ਨਿਭਾਈ ਸੀ। ਇਸ ਦੀ ਵੀ ਪੜਤਾਲ ਹੋਣੀ ਜ਼ਰੂਰੀ ਸੀ। ਇਹ ਵੀ ਕਿਹਾ ਜਾਂਦਾ ਹੈ, ਜੇ ਸੰਤ ਜਰਨੈਲ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਨਾ ਜਾਂਦੇ ਤਾਂ ਫ਼ੌਜੀ ਕਾਰਵਾਈ ਨਹੀਂ ਹੋਣੀ ਸੀ। ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੀ ਖ਼ਾਨਾਜੰਗੀ ਕਰਕੇ ਉਨ੍ਹਾਂ ਨੂੰ ਉਥੇ ਲਿਜਾਇਆ ਗਿਆ ਸੀ, ਕਿਉਂਕਿ ਉਨ੍ਹਾਂ ਦੇ ਕੁਝ ਸਪੋਰਟਰਾਂ ਨੂੰ ਮਾਰ ਦਿੱਤਾ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨਾ ਸੰਸਾਰ ਵਿੱਚ ਅੱਜ ਤੱਕ ਕਿਸੇ ਵੀ ਦੇਸ਼ ਦੀ ਫ਼ੌਜ ਨੇ ਧਾਰਮਿਕ ਸਥਾਨ ‘ਤੇ ਹਮਲਾ ਨਹੀਂ ਕੀਤਾ। ਹਮਲੇ ਤੋਂ ਪਹਿਲਾਂ ਹੋਰ ਕੋਈ ਵਿਕਲਪ ਕਿਉਂ ਨਹੀਂ ਵਰਤਿਆ ਗਿਆ? ਇਨ੍ਹਾਂ ਸਵਾਲਾਂ ਦੇ ਜਵਾਬ ਵੀ ਅਜੇ ਵਕਾਇਆ ਹਨ।



ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ ‘ਤੇ ਕਾਬਜ਼ ਸਿੱਖ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋ ਗਏ ਸਨ। ਉਨ੍ਹਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਕਰਕੇ ਡਰ ਲੱਗ ਰਿਹਾ ਸੀ, ਕਿਉਂਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਿੱਖ ਜਗਤ ਵਿੱਚ ਹਰਮਨਪਿਆਰਤਾ ਵੱਧ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦੀ ਧੜਕਣ ਤੇਜ਼ ਹੋ ਰਹੀ ਸੀ, ਕਿ ਕਿਤੇ ਉਹ ਸ਼੍ਰੋਮਣੀ ਅਕਾਲੀ ਦਲ ‘ਤੇ ਕਾਬਜ਼ ਨਾ ਹੋ ਜਾਣ। ਅੰਦਰਖਾਤੇ ਸਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਰੁੱਧ ਬੋਲ ਰਹੀ ਸੀ। ਉਨ੍ਹਾਂ ਨੇ ਤਾਂ ਇੱਥੋਂ ਤੱਕ ਇਲਜ਼ਾਮ ਲਗਾ ਦਿੱਤਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗਿਆਨੀ ਜ਼ੈਲ ਸਿੰਘ ਅਕਾਲੀਆਂ ਵਿਰੁੱਧ ਵਰਤ ਰਿਹਾ ਹੈ। ਕਈ ਪੁਸਤਕਾਂ ਲਿਖਣ ਵਾਲੇ ਸਿੱਖ, ਜਿਨ੍ਹਾਂ ਵਿੱਚ ਸਾਬਕਾ ‘ਰਾਅ ਦੇ ਮੁੱਖੀ ਜੀ ਪੀ ਐਸ ਸਿੱਧੂ, ਪੀ ਸੀ ਅਲੈਗਜੈਂਡਰ, ਏ ਪੀ ਪਾਂਡੇ ਅਤੇ ਕੁਝ ਹੋਰ ਅਧਿਕਾਰੀਆਂ ਨੇ ਵੀ ਇਹੋ ਸੰਦੇਹ ਪ੍ਰਗਟ ਕੀਤਾ ਸੀ, ਜਦੋਂ ਕਿ ਇਸ ਵਿੱਚ ਕੋਈ ਸਚਾਈ ਨਹੀਂ ਸੀ। ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੀ ਸਿਆਸੀ ਲੜਾਈ ਕਰਕੇ ਦਰਬਾਰਾ ਸਿੰਘ ਦਾ ਧੜਾ ਵੀ ਇਹੋ ਇਲਜ਼ਾਮ ਲਗਾਈ ਜਾ ਰਿਹਾ ਸੀ। ਸਿਆਸਤਦਾਨ ਹਮੇਸ਼ਾ ਦੂਜਿਆਂ ਦੇ ਮੋਢਿਆਂ ‘ਤੇ ਰੱਖਕੇ ਵਾਰ ਕਰਦੇ ਹਨ। ਮੈਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵਕਾਲਤ ਨਹੀਂ ਕਰ ਰਿਹਾ, ਪ੍ਰੰਤੂ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਕਿ ਉਹ ਕਿਸੇ ਧਰਮ ਦੇ ਵਿਰੁੱਧ ਉਕਸਾ ਰਹੇ ਹੋਣ। ਸੰਤ ਭਿੰਡਰਾਂਵਾਲਿਆਂ ਵਿਰੁੱਧ ਇਹ ਸਾਰੀਆਂ ਅਫ਼ਵਾਹਾਂ ਬਹੁ ਸੰਮਤੀ ਲੋਕਾਂ ਵੱਲੋਂ ਫੈਲਾਈਆਂ ਜਾ ਰਹੀਆਂ ਸਨ। ਉਨ੍ਹਾਂ ਨੇ ਕਦੀਂ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਸੀ, ਪ੍ਰੰਤੂ ਇਹ ਜ਼ਰੂਰ ਕਿਹਾ ਸੀ ਕਿ ਜੇ ਦੇਣ ਤਾਂ ਕੋਈ ਇਨਕਾਰ ਨਹੀਂ। ਉਹ ਹਰ ਧਰਮ ਦੇ ਲੋਕਾਂ ਨੂੰ ਆਪੋ ਆਪਣੇ ਧਰਮ ਵਿੱਚ ਪਰਪੱਕ ਰਹਿਣ ਲਈ ਕਹਿੰਦੇ ਸਨ।

ਹਰ ਸਮੱਸਿਆ ਦਾ ਹੱਲ ਗੱਲਬਾਤ ਨਾਲ ਹੀ ਹੁੰਦਾ ਹੈ। ਆਸਾਮ ਵਿੱਚ ਚਾਰ ਸਾਲ ਹਿੰਸਕ ਮਾਹੌਲ ਰਿਹਾ। ਅਖ਼ੀਰ ਕੇਂਦਰ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਸਮਝੌਤਾ ਹੋ ਗਿਆ। ਪੰਜਾਬ ਵਿੱਚ ਸਮਝੌਤਾ ਕਿਉਂ ਨਹੀਂ ਹੋਇਆ? ਸਿੱਖ ਜਗਤ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੇਂਦਰੀ ਮੰਤਰੀਆਂ ਨਾਲ ਬਾਰਾਂ ਮੀਟਿੰਗਾਂ ਕੀਤੀਆਂ, ਪ੍ਰੰਤੂ ਇਹ ਗੱਲਬਾਤ ਸਿਰੇ ਕਿਉਂ ਨਹੀਂ ਚੜ੍ਹੀ? ਕਿਉਂਕਿ ਅਕਾਲੀ ਲੀਡਰਸ਼ਿਪ ਸਮਝੌਤਾ ਜਾਂ ਤਾਂ ਕਰਨਾ ਨਹੀਂ ਚਾਹੁੰਦੀ ਸੀ ਜਾਂ ਕਮਜ਼ੋਰ ਹੋਣ ਕਰਕੇ ਫੈਸਲਾ ਨਹੀਂ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਇੱਕ ਵਾਰ ਤਾਂ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਵੀ ਗੱਲਬਾਤ ਕੀਤੀ ਸੀ। ਹਰ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਮੀਟਿੰਗ ਵਿੱਚ ਇਹ ਕਹਿੰਦੀ ਰਹੀ ਕਿ ਬਾਅਦ ਵਿੱਚ ਦੱਸਾਂਗੇ। ਇਸ ਦਾ ਤਾਂ ਇਹੋ ਅਰਥ ਨਿਕਲਦਾ ਹੈ ਕਿ ਉਹ ਸਮਝੌਤਾ ਕਰਨਾ ਨਹੀਂ ਚਾਹੁੰਦੇ ਸੀ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨਾਲ ਆਖ਼ਰੀ ਮੀਟਿੰਗ 26 ਮਈ 1984 ਨੂੰ ਹੋਈ ਸੀ, ਕੇਂਦਰ ਸਰਕਾਰ ਵੀ ਸੰਜੀਦਾ ਨਹੀਂ ਸੀ, ਇਕ ਪਾਸੇ ਮੀਟਿੰਗਾਂ ਕਰ ਰਹੀ ਸੀ ਤੇ ਦੂਜੇ ਪਾਸੇ ਬਲਿਊ ਸਟਾਰ ਅਪ੍ਰੇਸ਼ਨ ਦੀ ਤਿਆਰੀ ਕਰ ਰਹੀ ਸੀ। ਇਹ ਅਪ੍ਰੇਸ਼ਨ ਇੱਕ ਦਿਨ ਦਾ ਫ਼ੈਸਲਾ ਨਹੀਂ ਸੀ, ਲਗਪਗ ਇੱਕ ਸਾਲ ਤੋਂ ਤਿਆਰੀ ਕਰ ਰਹੇ ਸੀ। ਰਾਜੀਵ ਗਾਂਧੀ ਨੇ ਮਾਰਚ 1984 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਧਾਰਮਿਕ ਸੰਤ ਪੁਰਸ਼ ਕਿਹਾ ਸੀ। ਫਿਰ ਇਤਨੀ ਜਲਦੀ ਉਸਨੂੰ ਅੱਤਵਾਦੀ ਬਣਾ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਦੀ ਪੜਚੋਲ ਕਰਨੀ ਬਣਦੀ ਹੈ। ਅੱਜ ਤੱਕ ਮੀਟਿੰਗਾਂ ਵਿੱਚ ਸ਼ਾਮਲ ਹੋਣ ਵਾਲੇ ਕਿਸੇ ਅਕਾਲੀ ਨੇਤਾ ਨੇ ਇਹ ਨਹੀਂ ਦੱਸਿਆ ਕਿ ਸਮਝੌਤਾ ਕਿਉਂ ਨਹੀਂ ਸਿਰੇ ਚੜ੍ਹ ਸਕਿਆ? ਉਨ੍ਹਾਂ ਵਿੱਚੋਂ ਕੁਝ ਨੇਤਾ ਤਾਂ ਅੱਜ ਵੀ ਜਿਉਂਦੇ ਹਨ। ਵੱਖ-ਵੱਖ ਸਮੇਂ ਵੱਖ-ਵੱਖ ਮੀਟਿੰਗਾਂ ਵਿੱਚ ਪਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਬਲਬੰਤ ਸਿੰਘ, ਰਵੀਇੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਆਦਿ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਰਹੇ ਸਨ। ਉਹ ਵੀ ਚੁੱਪ ਬੈਠੇ ਹਨ। ਇਹ ਵੀ ਪ੍ਰਧਾਨ ਮੰਤਰੀ ਦੇ ਦਫ਼ਤਰ ਦੇ ਰਿਕਾਰਡ ਵਿੱਚ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ 19 ਫਰਵਰੀ 1983 ਦਾ ਲਿਖਿਆ ਇੱਕ ਖ਼ਤ ਇੱਕ ਅਖ਼ਬਾਰ ਦੇ ਸੰਪਾਦਕ ਭਰਪੂਰ ਸਿੰਘ ਬਲਬੀਰ ਨੇ ਇੰਦਰਾ ਗਾਂਧੀ ਨੂੰ ਨਿੱਜੀ ਤੌਰ ‘ਤੇ ਮਿਲਕੇ ਦੇ ਕੇ ਦਿੱਤਾ ਸੀ ਤੇ ਫਿਰ ਇੰਦਰਾ ਗਾਂਧੀ ਨੇ ਉਸ ਖਤ ਦਾ ਜਵਾਬ ਭਰਪੂਰ ਸਿੰਘ ਬਲਬੀਰ ਰਾਹੀਂ ਦੋ ਦਿਨ ਬਾਅਦ 21 ਫਰਵਰੀ 1983 ਨੂੰ ਸੰਤਾਂ ਨੂੰ ਭਿਜਾਵਾਇਆ ਸੀ। ਮਰਹੂਮ ਪੱਤਰਕਾਰ ਦਲਬੀਰ ਸਿੰਘ ਦੇ ਸੰਪਰਕ ਰਾਹੀਂ ਪਤਾ ਲੱਗਿਆ ਸੀ ਕਿ ਸੰਤ ਜਰਨੈਲ ਸਿੰਘ ਨਾਲ ਇੰਦਰਾ ਗਾਂਧੀ ਦੀ ਮੀਟਿੰਗ ਵੀ ਨਿਸਚਤ ਹੋ ਗਈ ਸੀ, ਪ੍ਰੰਤੂ ਐਨ ਮੌਕੇ ‘ਤੇ ਕੁਝ ਵਿਅਕਤੀਆਂ ਨੇ ਅੜਿਕਾ ਪਾ ਕੇ ਮੀਟਿੰਗ ਰੱਦ ਕਰਵਾ ਦਿੱਤੀ ਸੀ। ਇਸਦਾ ਅਰਥ ਤਾਂ ਇਹ ਬਣਦਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪੰਜਾਬ ਦੇ ਹਾਲਾਤ ਠੀਕ ਕਰਨਾ ਚਾਹੁੰਦਾ ਸੀ, ਪ੍ਰੰਤੂ ਕੁਝ ਸਿਆਸਤਦਾਨ ਨਹੀਂ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਦੀਆਂ ਕੁਰਸੀਆਂ ਖਿਸਕਦੀਆਂ ਲੱਗਦੀਆਂ ਸਨ। ਸਾਰਾ ਦੋਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਿਰ ਲਾਇਆ ਜਾਂਦਾ ਹੈ। ਜੇ ਸਮਝੌਤਾ ਹੋ ਜਾਂਦਾ ਤਾਂ ਸਿੱਖਾਂ ਨੂੰ ਅਜਿਹੇ ਹਾਲਾਤ ਵਿੱਚੋਂ ਨਾ ਗੁਜਰਨਾ ਪੈਂਦਾ। ਸਿੱਖ ਆਪਣੀ ਪੀੜ੍ਹੀ ਹੇਠ ਸੋਟਾ ਨਹੀਂ ਫੇਰਦੇ ਦੂਜਿਆਂ ‘ਤੇ ਇਲਜ਼ਾਮ ਲਗਾਈ ਜਾਂਦੇ ਹਨ। ਸਿੱਖਾਂ ਨੂੰ ਇੱਕਮੁਠ ਹੋ ਕੇ ਆਪਣੇ ‘ਤੇ ਲੱਗੇ ਇਲਜ਼ਾਮ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ ਤਾਂ ਜੋ ਸੰਸਾਰ ਵਿੱਚ ਸਿੱਖਾਂ ਦਾ ਅਕਸ ਬਲਿਊ ਸਟਾਰ ਬਾਰੇ ਸਾਫ ਹੋ ਸਕੇ, ਪ੍ਰੰਤੂ ਇਹ ਤਾਂ ਕੁਰਸੀਆਂ ਪਿੱਛੇ ਹੀ ਲੜੀ ਜਾ ਰਹੇ ਹਨ।

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc.
Advisors and their corporations conduct insurance business through Sun Life Financial Distributors (Canada) Inc.
Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5



Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca




Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038




# ਕੈਲਗਰੀ ਤੋਂ ਜਿੱਤੇ ਤਿੰਨੋਂ ਮੈਂਬਰ ਪਾਰਲੀਮੈਂਟਾਂ ਜਸਰਾਜ ਹੱਲਣ, ਅਮਨਪ੍ਰੀਤ ਗਿੱਲ ਅਤੇ ਦਲਵਿੰਦਰ ਗਿੱਲ ਨੇ ਔਟਵਾ ਵਿੱਚ ਇਕੱਠਿਆਂ ਸਹੁੰ ਚੁੱਕੀ

## ਪਰਿਵਾਰਾਂ ਸਮੇਤ 150 ਦੇ ਕਰੀਬ ਪਾਰਟੀ ਸਮਰਥਕ ਵੀ ਸਹੁੰ ਚੁੱਕ ਸਮਾਗਮ ਦਾ ਹਿਸਾ ਬਣੇ

























ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 23 ਮਈ 2025 ਵਾਲੇ ਦਿਨ ਕਨੇਡਾ ਦੀ ਰਾਜਧਾਨੀ ਔਟਵਾ ਵਿਖੇ ਜਸਰਾਜ ਸਿੰਘ ਹੱਲਣ-ਕੈਲਗਰੀ ਈਸਟ, ਅਮਨਪ੍ਰੀਤ ਸਿੰਘ ਗਿੱਲ ਕੈਲਗਰੀ ਸਕਾਈਵਿਊ ਅਤੇ ਦਲਵਿੰਦਰ ਸਿੰਘ ਗਿੱਲ -ਕੈਲਗਰੀ ਮੈਕਨਾਈਟ ਤੋਂ ਚੁਣੇ ਗਏ ਕੰਜ਼ਰਵੇਟਿਵ ਪਾਰਟੀ ਦੇ ਤਿੰਨ ਮੈਂਬਰ ਪਾਰਲੀਮੈਂਟ ਦਾ ਸਾਂਝਾ ਸਹੁੰ ਚੁੱਕ ਸਮਾਗਮ ਹੋਇਆ। ਪਾਰਲੀਮੈਂਟ ਹਿੱਲ ਔਟਵਾ ਵਿਖੇ ਹੋਏ ਇਸ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਅਹੁਦੇ, ਸੰਵਿਧਾਨ ਅਤੇ ਕਿੰਗ ਚਾਰਲਸ ਤੀਸਰੇ ਅਤੇ ਸਾਹੀ ਪਰਿਵਾਰ ਪ੍ਰਤੀ ਵਫਾਦਾਰੀ ਦੀ ਸਹੁੰ ਚੁਕਾਈ ਗਈ। ਇਸ ਮੌਕੇ ਮੈਂਬਰ ਪਾਰਲੀਮੈਂਟ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਪਾਰਟੀ ਵਰਕਰ ਅਤੇ ਉਹਨਾਂ ਦੇ ਚਹੇਤਿਆਂ ਸਮੇਤ ਵੱਡੀ ਗਿਣਤੀ ਵਿੱਚ ਤਕਰੀਬਨ 150 ਦੇ ਕਰੀਬ ਲੋਕ ਹਾਜਿਰ ਸਨ। ਪਾਰਲੀਮੈਂਟ ਹਿੱਲ ਉੱਪਰ ਇਸ ਮਾਣਮੱਤੇ ਸਮਾਗਮ ਦੇ ਹਿੱਸਾ ਬਣੇ ਮਾਣੂੰਕਿਆਂ ਵਾਲੇ ਸਾਬਕਾ ਸਰਪੰਚ ਸ: ਮੋਹਰ ਸਿੰਘ ਗਿੱਲ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਕਿਹਾ ਕਿ ਇਹ ਵੀ ਅੱਜ ਸਬੱਬ ਦੀ ਗੱਲ ਹੈ ਕਿ 23 ਮਈ 1914 ਨੂੰ ਪੰਜਾਬੀ ਮੁਸਾਫਿਰਾਂ ਦੇ ਜਹਾਜ ਕਾਮਾਗਾਟਾਮਾਰੂ ਜਿਸ ਨੂੰ ਗੁਰੂ ਨਾਨਕ ਜਹਾਜ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ,ਨੂੰ ਕਨੇਡਾ ਦੀ ਉਸ ਵੇਲੇ ਦੀ ਸਰਕਾਰ ਨੇ ਵੈਨਕੋਵਰ ਦੀ ਬੰਦਰਗਾਹ ਉੱਪਰ ਪੈਰ ਨਹੀਂ ਸੀ ਰੱਖਣ ਦਿੱਤਾ ਪਰ ਅੱਜ ਠੀਕ 111 ਸਾਲਾਂ ਬਾਦ ਪੰਜਾਬੀ ਭਾਈਚਾਰੇ ਦੇ 21 ਮੈਂਬਰ ਪਾਰਲੀਮੈਂਟ ਕਨੇਡਾ ਸਰਕਾਰ ਦਾ ਹਿੱਸਾ ਬਣੇ ਹੋਏ ਹਨ। ਸਹੁੰ ਚੁੱਕ ਸਮਾਗਮ ਉਪਰੰਤ ਦੁਪਹਿਰ ਦੇ ਖਾਣੇ ਖਾਣੇ ਦੀ ਦਾਅਵਤ ਮੌਕੇ ਤਿੰਨੇ ਐਮ ਪੀਜ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਪਾਰਲੀਮੈਂਟ ਹਿੱਲ ਦੇ ਇਤਹਾਸ ਵਿੱਚ ਸਾਇਦ ਅਜਿਹਾ ਪਹਿਲੀ ਵਾਰ ਹੋਇਆ ਹੋਵੇਗਾ ਕਿ ਕਿਸੇ ਭਾਈਚਾਰੇ ਦੇ ਲੋਕ ਇੰਨੀ ਵੱਡੀ ਗਿਣਤੀ ਵਿੱਚ ਸਹੁੰ ਚੁੱਕ ਸਮਾਗਮ ਵਿੱਚ ਪੁੱਜੇ ਹੋਣ।

# ਥਰੋਨ ਸਪੀਚ ਵਿੱਚ ਕਿੰਗ ਵੱਲੋਂ ਕਈ ਵਾਰ ਕੈਨੇਡਾ ਦੀ ਪ੍ਰਭੂ ਸੱਤਾ ਦਾ ਜ਼ਿਕਰ ਕੀਤਾ ਗਿਆ



ਔਟਵਾ(ਪੰਜਾਬੀ ਅਖ਼ਬਾਰ ਬਿਊਰੋ) ਕਿੰਗ ਚਾਰਲਸ ਥਰਡ ਦਾ ਥਰੋਨ ਸਪੀਚ ਲਈ ਕੈਨੇਡਾ ਦੀ 45ਵੀਂ ਪਾਰਲੀਮੈਂਟ ਵਿੱਚ ਪਹੁੰਚਣ ਤੇ ਜੋਰਦਾਰ ਸਵਾਗਤ ਕੀਤਾ ਗਿਆ। ਓਟਵਾ ਚ ਆਮ ਲੋਕ ਵੀ ਵੱਡੀ ਗਿਣਤੀ ਚ ਕਿੰਗ ਅਤੇ ਕੂਈਨ ਨੂੰ ਦੇਖਣ ਲਈ ਪਹੁੰਚੇ ਹੋਏ ਸਨ। ਕਿੰਗ ਚਾਰਲਸ ਨੂੰ ਇਸ ਮੌਕੇ ਗਾਰਡ ਆਫ ਆਨਰਜ਼ ਦਿੱਤਾ ਗਿਆ ਅਤੇ ਇਸ ਦੇ ਨਾਲ ਹੀ 21 ਤੋਪਾਂ ਦੀ ਸਲਾਮੀ ਵੀ ਦਿੱਤੀ ਗਈ।ਕਿੰਗ ਚਾਰਲਸ ਆਮ ਲੋਕਾਂ ਦੇ ਨਾਲ ਮਿਲਦੇ ਹੋਏ ਨਜ਼ਰ ਆਏ। ਇਸ ਉਪਰੰਤ ਦਿੱਤੀ ਗਈ ਥਰੋਨ ਸਪੀਚ ਵਿੱਚ ਕਿੰਗ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਵੱਲੋਂ ਆਉਂਦੇ ਸਮੇਂ ਵਿੱਚ ਕੀਤੇ ਜਾਣ ਵਾਲੇ ਕੰਮਾਂ ਦਾ ਜ਼ਿਕਰ ਕੀਤਾ। ਜਿੰਨਾ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ, ਕੈਨੇਡਾ ਦਾ ਬਜਟ ਬੈਲੈਂਸ ਕਰਨਾ, ਸਰਹੱਦ ਦੀ ਸੁਰੱਖਿਆ ਮਜਬੂਤ ਕਰਨਾ, ਇਮੀਗਰੇਸ਼ਨ ਪ੍ਰਣਾਲੀ ਵਿੱਚ ਸੁਧਾਰ ਕਰਨਾ, ਅਪਰਾਧੀਆਂ ਨੂੰ ਨੱਥ ਪਾਉਣਾ ਆਦਿ ਸ਼ਾਮਿਲ ਸੀ ਅਤੇ ਇਸ ਦੇ ਨਾਲ ਹੀ ਕਿੰਗ ਵੱਲੋਂ ਕੈਨੇਡਾ ਦੀ ਪ੍ਰਭੂ ਸੱਤਾ ਦੀ ਸੁਰੱਖਿਆ ਲਈ ਫੌਜੀ ਤਾਕਤ ਵਧਾਉਣਾ ਅਤੇ ਅਮਰੀਕਾ ਦੇ ਨਾਲ ਸਬੰਧਾਂ ਨੂੰ ਮੁੜ ਤੋਂ ਪਰਿਭਾਸ਼ਿਤ ਕਰਨਾ ਸ਼ਾਮਿਲ ਸੀ। ਇਸ ਸੰਬੋਧਨ ਦੌਰਾਨ ਜਿੱਥੇ ਕਿੰਗ ਵੱਲੋਂ ਸਰਕਾਰ ਦੀਆਂ ਪ੍ਰਾਥਮਿਕਤਾਵਾਂ ਦੱਸੀਆਂ ਗਈਆਂ ਤਾਂ ਇਸ ਥਰੋਨ ਸਪੀਚ ਵਿੱਚ ਕਿੰਗ ਵੱਲੋਂ ਕਈ ਵਾਰ ਕੈਨੇਡਾ ਦੀ ਪ੍ਰਭੂ ਸੱਤਾ ਦਾ ਜ਼ਿਕਰ ਕੀਤਾ ਗਿਆ। ਕਿੰਗ ਨੇ ਆਖਿਆ ਕਿ ਵਿਸ਼ਵ ਵਪਾਰ ਵਿੱਚ ਆਈਆਂ ਤਬਦੀਲੀਆਂ ਕਾਰਨ ਕੈਨੇਡਾ ਵੀ ਨਾਜ਼ੁਕ ਸਥਿਤੀ ਵਿੱਚੋਂ ਨਿਕਲ ਰਿਹਾ ਹੈ ਅਤੇ ਪੁਰਾਣੇ ਭਾਈਵਾਲਾਂ ਦੇ ਨਾਲ ਤਨਾਪੂਰਨ ਸਬੰਧਾਂ ਦਾ ਸਾਹਮਣਾ ਕਰ ਰਿਹਾ ਹੈ।ਉਹਨਾਂ ਆਖਿਆ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੁਨੀਆ ਇਸ ਵਕਤ ਜਿਆਦਾ ਖਤਰਨਾਕ ਅਤੇ ਅਸਥਿਰਤਾ ਬਣੀ ਹੋਈ ਹੈ। ਉਹਨਾਂ ਆਖਿਆ ਕਿ ਇੱਕ ਪਾਸੇ ਜਿੱਥੇ ਕੈਨੇਡਾ ਦੇ ਲੋਕ ਚਿੰਤਤ ਹਨ ਤਾਂ ਦੂਜੇ ਪਾਸੇ ਇਹ ਨਵੀਂ ਸ਼ੁਰੂਆਤ ਦਾ ਮੌਕਾ ਵੀ ਹੈ। ਕੈਨੇਡਾ ਵਾਸੀਆਂ ਵਾਸਤੇ ਕਿੰਗ ਵੱਲੋਂ ਨਿੱਜੀ ਸੁਨੇਹਾ ਵੀ ਦਿੱਤਾ ਗਿਆ। ਉਹਨਾਂ ਨੇ ਆਖਿਆ ਕਿ ਜਦੋਂ ਵੀ ਮੈਂ ਕੈਨੇਡਾ ਆਉਂਦਾ ਹਾਂ ਤਾਂ ਕੈਨੇਡਾ ਦਾ ਹੋਰ ਅਹਿਸਾਸ ਕੁੱਝ ਹੋਰ ਅਹਿਸਾਸ ਮੇਰੇ ਖ਼ੂਨ ਦੇ ਵਿੱਚ ਵਹਿਣ ਲੱਗਦਾ ਹੈ ਤੇ ਉਥੋਂ ਸਿੱਧਾ ਮੇਰੇ ਦਿਲ ਤੱਕ ਜਾਂਦਾ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ 1977 ਵਿੱਚ ਕਿੰਗ ਦੀ ਮਾਂ ਯਾਨੀ ਮਹਾਰਾਣੀ ਐਲਿਜ਼ਾਬੇਥ ਸੈਕਿੰਡ ਵੱਲੋਂ 1977 ਵਿੱਚ ਥਰੋਨ ਸਪੀਚ ਦਿੱਤੀ ਗਈ ਸੀ ਉਸ ਤੋਂ ਬਾਅਦ ਹੁਣ 2025 ਵਿੱਚ ਕਿੰਗ ਵੱਲੋਂ ਕੈਨੇਡਾ ਦੀ ਸਰਕਾਰ ਦੀ ਥਰੋਣ ਸਪੀਚ ਦਿੱਤੀ ਗਈ ਹੈ। ਪਰ ਥਰੋਨ ਸਪੀਚ ਉੱਪਰ ਟਿੱਪਣੀ ਕਰਦਿਆਂ ਮੁੱਖ ਵਿਰੋਧੀ ਧਿਰ ਕੰਜਰਵਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਐਵ ਨੇ ਆਖਿਆ ਕਿ ਇਸ ਥਰੋਨ ਸਪੀਚ ਵਿੱਚ ਕਈ ਨਾਅਰੇ ਤਾਂ ਨਜ਼ਰ ਆਏ ਪਰ ਠੋਸ ਢੰਗ ਦੇ ਨਾਲ ਕੁੱਝ ਵੀ ਨਹੀਂ ਦੱਸਿਆ ਗਿਆ। ਉਹਨਾਂ ਆਖਿਆ ਕਿ ਇਸ ਭਾਸ਼ਣ ਵਿੱਚ ਸਰਕਾਰ ਦੇ ਖਰਚਿਆਂ ਦੀ ਗੱਲ ਤਾਂ ਕੀਤੀ ਗਈ ਪਰ ਸੇਵਿੰਗ ਬਾਰੇ ਕੁੱਝ ਵੀ ਨਹੀਂ ਆਖਿਆ ਗਿਆ ਉਹਨਾਂ ਨਾਲ ਹੀ ਆਖਿਆ ਕਿ ਥਰੋਨ ਸਪੀਚ ਵਿੱਚੋਂ ਤੇਲ ਅਤੇ ਗੈਸ ਨੂੰ ਲਾਂਭੇ ਰੱਖਿਆ ਗਿਆ ਅਤੇ ਨਾ ਹੀ ਗੈਸ ਪਾਈਪ ਲਾਈਨ ਬਾਰੇ ਕੋਈ ਗੱਲ ਕੀਤੀ ਗਈ ਜੋ ਕਿ ਬੇਹਦ ਜਰੂਰੀ ਸੀ। ਉਹਨਾਂ ਨਾਲ ਹੀ ਆਖਿਆ ਕਿ ਜਿੱਥੇ ਥਰੋਨ ਸਪੀਚ ਵਿੱਚ ਅਪਰਾਧਾਂ ਦਾ ਜ਼ਿਕਰ ਤਾ ਕੀਤਾ ਗਿਆ ਪਰ ਇਹ ਨਹੀਂ ਆਖਿਆ ਗਿਆ ਕਿ ਜਮਾਨਤ ਸਬੰਧੀ ਨਰਮ ਨਿਯਮਾਂ ਨੂੰ ਵਾਪਸ ਲਿਆ ਜਾਵੇਗਾ ਜਾਂ ਨਹੀਂ।

# ਕਾਮਾਗਾਟਾਮਾਰੂ ਦਾ ਨਾਂਅ ਗੁਰੂ ਨਾਨਕ ਜਹਾਜ ਹੋਣ ਦੇ ਇਤਿਹਾਸਿਕ ਤੱਥਾਂ 'ਤੇ ਪਾਈ ਰੌਸ਼ਨੀ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਗੁਰੂ ਨਾਨਕ ਜਹਾਜ ਯਾਨੀ ਕਾਮਾਗਾਟਾਮਾਰੂ ਦੇ ਕੈਨੇਡਾ ਪੁੱਜਣ ਦੀ 111ਵੀਂ ਵਰ੍ਹੇਗੰਢ ਮੌਕੇ ਵੈਨਕੂਵਰ 'ਚ ਸਥਾਪਤ ਯਾਦਗਾਰੀ ਥਾਂ 'ਤੇ ਕਰਵਾਇਆ ਗਿਆ ਸਮਾਗਮ ਬਾਬਾ ਗੁਰਦਿੱਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕੈਨੇਡਾ ਉਤਰਨ ਤੋਂ ਰੋਕਣ ਦੇ ਇਤਿਹਾਸ ਬਾਰੇ ਨਵੀਆਂ ਪੀੜੀਆਂ ਨੂੰ ਜਾਣੂ ਕਰਵਾਉਣ ਦੇ ਨਾਲ-ਨਾਲ ਪੰਜਾਬੀਆਂ ਦੀ ਕੈਨੇਡਾ 'ਚ ਆਮਦ 'ਤੇ ਲੱਗੀਆਂ ਰੋਕਾਂ ਨੂੰ ਹਟਾਉਣ, ਕੈਨੇਡਾ 'ਚ ਵੋਟ ਦਾ ਅਧਿਕਾਰ ਲੈਣ ਅਤੇ ਨਸਲੀ ਪੱਧਰ 'ਤੇ ਹੁੰਦੇ ਵਿਤਕਰੇ ਨੂੰ ਖ਼ਤਮ ਕਰਵਾਉਣ ਸਮੇਤ ਸਿੱਖਾਂ ਤੇ ਪੰਜਾਬੀਆਂ ਨਾਲ ਜੁੜੇ ਮੁੱਦਿਆਂ 'ਤੇ ਸਾਡੇ ਪੁਰਾਤਨ ਸਿੱਖ ਯੋਧਿਆਂ ਵਲੋਂ ਕੀਤੀ ਵੱਡੀ ਘਾਲਣਾ ਦੇ ਇਤਿਹਾਸ ਦੇ ਵੀ ਰੂ-ਬਰੂ ਕਰਵਾ ਗਿਆ। ਇਸ ਮੌਕੇ ਸਮਾਗਮ ਦੇ ਮੁੱਖ ਪ੍ਰਬੰਧਕ ਅਤੇ ਸਿੱਖ ਚਿੰਤਕ ਡਾ: ਗੁਰਵਿੰਦਰ ਸਿੰਘ ਧਾਲੀਵਾਲ ਵੱਲੋਂ ਪੇਸ਼ ਕੀਤੇ ਮਤੇ ਕਿ ਇਸ ਜਹਾਜ ਦੇ ਨਾਂਅ ਨੂੰ ਗੁਰੂ ਨਾਨਕ ਜਹਾਜ ਵੱਜੋਂ ਮਾਨਤਾ ਦਿੱਤੀ ਜਾਵੇ ਨੂੰ ਵੱਖ-ਵੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਸਮਾਜਿਕ ਤੇ ਰਾਜਨੀਤਿਕ ਸੰਸਥਾਵਾਂ ਅਤੇ ਦੋਵਾਂ ਪੰਜਾਬਾਂ ਦੇ ਲੋਕ ਭਾਈਚਾਰੇ ਵਲੋਂ ਬਾਹਾਂ ਖੜੀਆਂ ਕਰਕੇ ਪਾਸ ਕੀਤਾ ਗਿਆ। ਇਸ ਮੌਕੇ ਇਸ ਜਹਾਜ ਦਾ ਨਾਂਅ ਗੁਰੂ ਨਾਨਕ ਜਹਾਜ ਹੋਣ ਦੇ ਇਤਿਹਾਸਿਕ ਤੱਥਾਂ 'ਤੇ ਵੀ ਰੌਸ਼ਨੀ ਪਾਈ ਗਈ। ਇਸੇ ਤਰਾਂ ਵੱਖ-ਵੱਖ ਬੁਲਾਰਿਆਂ ਵੱਲੋਂ ਸ਼ਹੀਦ ਸਿੱਖ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਦੀ ਕੁਰਬਾਨੀ ਨੂੰ ਵੀ ਯਾਦ ਕਰਦਿਆਂ ਜਿੱਥੇ ਉਨ੍ਹਾਂ ਨੂੰ ਕੈਨੇਡਾ ਦੇ ਪਹਿਲੇ ਸਿੱਖ ਸ਼ਹੀਦ ਵੱਜੋਂ ਯਾਦ ਕੀਤਾ, ਉਥੇ ਕੈਨੇਡਾ ਦੇ ਕਾਨੂੰਨੀ ਕਟਿਹਰੇ 'ਚ ਉਨ੍ਹਾਂ ਦੇ ਨਾਂਅ ਨਾਲ ਜੁੜੇ ਅਪਰਾਧੀ ਸ਼ਬਦ ਨੂੰ ਹਟਾਉਣ ਬਾਰੇ ਵੀ ਕੈਨੇਡਾ ਸਰਕਾਰ ਪਾਸੋਂ ਮੰਗ ਕੀਤੀ ਗਈ।
















# ਰੀਜਾਇਨਾ ਵਿਖੇ ਨੌਵੇਂ ਨਗਰ ਕੀਰਤਨ ਦੌਰਾਨ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ












ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਹਰ ਸਾਲ ਦੀ ਇਸ ਸਾਲ ਵੀ ਰੀਜਾਇਨਾ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ 31 ਮਈ 2025 ਵਾਲੇ ਦਿਨ ਸਜਾਇਆ ਗਿਆ । ਪੰਜ ਪਿਆਰਿਆਂ ਦੀ ਅਗਵਾਈ ਹੇਠ ਸਾਹਿਬ ਸ੍ਰੀ ਗੁਰੁ ਗਰੰਥ ਸਾਹਿਬ ਜੀ ਦੀ ਪਾਵਨ ਬੀੜ ਵੱਡ ਅਕਾਰੀ ਪਾਲਕੀ ਸਾਹਿਬ ਵਿੱਚ ਸਜਾਈ ਗਈ। ਸਵੇਰੇ 9 ਵਜੇ ਸਿੱਖ ਸੁਸਾਇਟੀ ਰੀਜਾਇਨਾ ਤੋਂ ਸੁਰੂ ਹੋਕੇ ਤਕਰੀਬਨ 12 ਵਜੇ ਦੇ ਕਰੀਬ ਵੈਸਕਾਨਾ ਸੈਂਟਰ ਪਾਰਕ ਜਾਕੇ ਠਹਿਰਾਓ ਕੀਤਾ। ਜਿੱਥੇ ਰਾਜਨੀਤਕ ਅਤੇ ਭਾਈਚਾਰੇ ਦੇ ਪ੍ਰਮੁੱਖ ਲੋਕਾਂ ਨੇ ਮੰਚ ਉਪਰ ਹਾਜਰੀ ਭਰੀ ਅਤੇ ਗੁਰੁ ਘਰ ਵੱਲੋਂ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ। ਸਿੱਖ ਮੋਟਰਸਾਈਕਲੀ ਜਥਾ ਕੇਸਰੀ ਦਸਤਾਰਾਂ ਸਜਾਕੇ ਨਗਰ ਕੀਰਤਨ ਦੀ ਸੋਭਾ ਵਧਾ ਰਿਹਾ ਸੀ । ਛੋਟੇ ਛੋਟੇ ਬੱਚਿਆ ਵੱਲੋਂ ਪੰਜਾਬੀ ਮਾਂ ਬੋਲੀ ਸਬੰਧੀ ਹੱਥਾਂ ਵਿੱਚ ਚੁੱਕੇ ਬੈਨਰ ਪੰਜਾਬੀ ਮਾਂ ਬੋਲੀ ਦੇ ਭਵਿੱਖ ਪ੍ਰਤੀ ਚਿੰਤਾ ਦਾ ਪ੍ਰਤੀਕ ਦਿਖਾਈ ਦਿੰਦੇ ਸਨ। ਰਾਗੀ ਸਿੰਘ ਅਤੇ ਢਾਡੀ ਜਥੇ ਵੱਲੋਂ ਪੇਸ਼ ਕੀਤੀਆ ਜਾ ਰਹੀਆਂ ਬੀਰਰਸੀ ਵਾਰਾਂ ਸਿੱਖ ਇਤਿਹਾਸ ਪ੍ਰਤੀ ਜਾਗਰੂਕਤਾ ਪੈਦਾ ਕਰ ਰਹੀਆਂ ਸਨ। ਸਪੀਕਰ ਟੌਡ ਗੌਂਡੀ ਨੇ ਗੁਰੂਦੁਆਰਾ ਸਾਹਿਬ ਵਿਖੇ ਨਗਰ ਕੀਰਤਨ ਸੁਰੂ ਹੋਣ ਮੌਕੇ ਸਵੇਰ ਦੇ ਸਮਾਗਮਾਂ ਵਿੱਚ,ਕਾਰਲਾ ਬੇਕ ਅਤੇ ਐਨਡੀਪੀ ਦੇ 7-8 ਵਿਧਾਇਕਾਂ ਦੇ ਨਾਲ ਨਗਰ ਕੀਰਤਨ ਵਿੱਚ ਹਾਜਿਰੀ ਭਰੀ। ਸਸਕੈਚਵਨ ਪਾਰਟੀ ਦੇ ਵਿਧਾਇਕ ਸੀਨ ਵਿਲਸਨ ਅਤੇ ਮੇਗਨ ਪੈਟਰਸਨ ਨੇ ਨਗਰ ਕੀਰਤਨ ਦਾ ਹਿੱਸਾ ਬਣੇ ਅਤੇ 3 ਹੋਰ ਵਿਧਾਇਕ ਮੰਚ ਉਪਰੋਂ ਹਾਜਿਰੀ ਲਗਵਾਕੇ ਗਏ।ਸੰਸਦ ਮੈਂਬਰ ਵਾਰਨ ਸਟਾਈਨਲੇ ਨੇ ਨਗਰ ਕੀਰਤਨ ਦੇ ਨਾਲ ਨਾਲ ਚਾਲੇ ਪਾਏ ਜਦੋਂ ਕਿ ਸੰਸਦ ਮੈਂਬਰ ਮਾਈਕਲ ਕ੍ਰੈਮ ਨੇ ਸਟੇਜ ਉੱਪਰ ਹਾਜਿਰੀ ਭਰੀ। ਕਾਰਜਕਾਰੀ ਪੁਲਿਸ ਮੁਖੀ ਲੋਰੀਲੀ ਡੇਵਿਸ ਅਤੇ ਰੀਜਾਇਨਾ ਫਾਇਰ ਚੀਫ ਲੇਨ ਜੈਕਸਨ ਨੇ ਵੀ ਪਰੇਡ ਵਿੱਚ ਵਾਕ ਕੀਤਾ। ਸਾਮ 3 ਵਜੇ ਦੇ ਕਰੀਬ ਵਪਿਸੀ ਹੋਣ ਉਪਰੰਤ ਗੁਰੂਘਰ ਸਿੱਖ ਸੁਸਾਇਟੀ ਰੀਜਾਇਨਾ ਵਿਖੇ ਨਗਰ ਕੀਰਤਨ ਦੀ ਸਮਾਪਤੀ ਹੋਈ । ਇੱਕ ਅੰਦਾਜੇ ਮੁਤਾਬਿਕ ਇਸ ਸਾਲ ਲੱਗਪੱਗ 20 ਹਜਾਰ ਦੇ ਕਰੀਬ ਸਿੱਖ ਸੰਗਤਾਂ ਨੇ ਨਗਰ ਕੀਰਤਨ ਵਿੱਚ ਹਾਜਿਰੀ ਭਰੀ।
















MONARCH
AT COOPER'S CROSSING
LUXURY URBAN CONDOS
ONE, TWO & TWO BED + FLEX,
RANGING 670 – 1,198 SQ. FT.
Starting From Mid $350's
Move in Fall 2025
ਸੋਚ ਸਮਝ ਨਾਲ ਮਿਲਣ ਵਾਲੀਆਂ ਸਹੂਲਤਾਂ
ਯੋਗਾ ਰੂਮ
ਲੌਂਜ ਰੂਮ
MONARCH FITNESS
ਜਿਮ ਰੂਮ
ਪਾਰਟੀ ਰੂਮ
ਸ਼ੋਅ ਰੂਮ ਹੁਣ ਹਫਤੇ ਦੇ ਸੱਤੇ ਦਿਨ ਖੁੱਲੇ ਰਹਿੰਦੇ ਹਨ
VESTA PROPERTIES
VESTAELEVATE.COM
SALES CENTRE
#2110 - 520 Reynolds Ave, SW Airdrie
587.317.1516 | cooperscrossing@vestaproperties.com


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਹਾਨੂੰ ਆਪਣਾ ਘਰ ਕਹਿਣ 'ਤੇ ਮਾਣ ਹੋਵੇਗਾ
ਝੀਲ ਦੇ ਕਿਨਾਰੇ ਸਥਿੱਤ ਸ਼ਹਿਰ ਚੈਸਟਰਮੇਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੋਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
• Broadview Homes • Sterling Homes • NuVista Homes
• Truman Homes • Trico Homes • Genesis Builders
DAWSON'S LANDING CHESTERMERE
ਬੰਗਲੋ ਘਰ
ਫਰੰਟ ਗੈਰਾਜ ਡੁਪਲੈਕਸ
ਸਿੰਗਲ ਫਰੰਟ ਗੈਰਾਜ ਘਰ
Introducing Semi-Estates
/ Wide Lots* / Triple Garages / Walkout Homes / Mountain Views
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


ਕੁਦਰਤ ਵਿੱਚ ਸਥਿੱਤ ਸ਼ਹਿਰ ਦੇ ਨਾਲ ਜੁੜਿਆ ਹੋਇਆ
ਸ਼ੋਅ ਹੋਮਜ ਖੁੱਲ ਰਹੇ ਹਨ
7 ਜੂਨ, 2025 ਦੁਪਹਿਰ 1-4 ਵਜੇ ਤੱਕ
ਪਰਿਵਾਰਕ ਗਤੀਵਿਧੀਆਂ, ਸੁਆਦੀ ਭੋਜਨ ਅਤੇ ਤੋਹਫ਼ਿਆਂ ਲਈ ਸਾਡੇ ਨਾਲ ਜੁੜੋ!
Vermilion Hill
ਟਾਊਨ ਹੋਮਜ ਫਰੌਮ ਦੀ ਹਾਈ $500s
ਲੇਨਡ ਹੋਮਜ ਫਰੌਮ ਦੀ ਲੋਅ $600s
ਫਰੰਟ ਗੈਰਾਜ ਹੋਮਜ ਫਰੌਮ ਦੀ ਹਾਈ $700s
ਕੁਦਰਤ ਨਾਲ ਘਿਰਿਆ, ਵਰਮਿਲੀਅਨ ਹਿੱਲ ਉਨ੍ਹਾਂ ਪਰਿਵਾਰਾਂ ਲਈ ਸੰਪੂਰਨ ਸਥਾਨ ਹੈ ਜੋ ਬਾਹਰ ਨੂੰ ਪਿਆਰ ਕਰਦੇ ਹਨ। ਫਿਸ਼ ਕਰੀਕ ਪਾਰਕ ਤੋਂ ਕੁਝ ਕਦਮ, ਬ੍ਰੈਗ ਕਰੀਕ ਅਤੇ ਐਨ ਐਂਡ ਸੈਂਡੀ ਕਰਾਸ ਕੰਜ਼ਰਵੇਸ਼ਨ ਏਰੀਆ ਤੋਂ ਕੁਝ ਮਿੰਟ, ਅਤੇ ਕਨਾਨਾਸਕਿਸ ਅਤੇ ਰੌਕੀ ਪਹਾੜਾਂ ਲਈ ਇੱਕ ਤੇਜ਼ ਡਰਾਈਵ, ਤੁਹਾਡਾ ਅਗਲਾ ਸਾਹਸ ਬਿਲਕੁਲ ਨੇੜੇ ਹੈ!!
ਫੇਸ-4 ਹੁਣ ਵੇਚਿਆ ਜਾ ਰਿਹਾ ਹੈ
ਅੱਜ ਹੀ ਆਪਣੇ ਮਨਪਸੰਦ ਬਿਲਡਰ ਨਾਲ ਸੰਪਰਕ ਕਰੋ ਤਾਂ ਜੋ ਆਪਣੀ ਲਾਟ ਨੂੰ ਹੋਲਡ ਕੀਤਾ ਜਾ ਸਕੇ!
• NuVista Homes • Homes by Avi
• Genesis Builders • Sterling Homes
• Shane Homes • Broadview Homes
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities